ਅਧਿਆਇ 10

ਨੇਮ ਦਾ ਨਵੇਂ ਸਿਰਿਉਂ ਬੰਨ੍ਹਿਆ ਜਾਣਾ (ਭਾਗ 2)

ਅਧਿਆਇ 8 ਵਿਚ ਸ਼ਰ੍ਹਾ ਦੇ ਪੜ੍ਹੇ ਜਾਣ ਤੋਂ ਬਾਅਦ, ਲੋਕਾਂ ਨੇ ਇਹ ਧਾਰ ਲਿਆ ਕਿ ਉਹ ਖ਼ੁਦਾ ਦੇ ਨੇਮ ਦੀ ਗੱਲ ਮੰਨਣ ਦੇ ਆਪਣੇ ਵਾਅਦੇ ਨੂੰ ਨਵੇਂ ਸਿਰਿਉਂ ਬੰਨ੍ਹਣਗੇ। ਇਸ ਮਾਮਲੇ ਵਿਚ ਆਪਣੀ ਗੰਭੀਰਤਾ ਨੂੰ ਵਿਖਾਉਣ ਲਈ ਸਮਾਜ ਦੇ ਨੁਮਾਇੰਦਿਆਂ ਨੇ ਸ਼ਰ੍ਹਾ ਦੇ ਮੁਤਾਬਕ ਜ਼ਿੰਦਗੀ ਬਸਰ ਕਰਨ ਦਾ ਅਹਿਦ ਕਰਦਿਆਂ ਇਸ ਮੁਆਇਦੇ ਤੇ ਦਸਤਖ਼ਤ ਕੀਤੇ। ਇਹ ਅਧਿਆਇ ਅਧਿਆਇ 8 ਵਿਚ ਸ਼ੁਰੂ ਹੋਏ ਨੇਮ ਦੇ ਨਵੇਂ ਸਿਰਿਉਂ ਬੰਨ੍ਹੇ ਜਾਣ ਦੇ ਵੇਰਵੇ ਨਾਲ ਮੁੱਕਦਾ ਹੈ। ਪਹਿਲਾਂ ਇਸ ਵਿਚ ਹਸਤਾਖਰ ਕਰਨ ਵਾਲਿਆਂ ਦੇ ਨਾਂਅ ਹਨ, ਜਿਨ੍ਹਾਂ ਨੇ ''ਸਮਝੌਤੇ'' ਉੱਤੇ ਜਿਹੜਾ ਉਨ੍ਹਾਂ ਕੀਤਾ ਸੀ ਆਪਣੀਆਂ ਮੋਹਰਾਂ ਲਾਈਆਂ (9:38)। ਫਿਰ ਉਸ ਵਿਚ ਵਿਸਤਾਰ ਵਿਚ ਦੱਸਿਆ ਗਿਆ ਹੈ ਕਿ ਉਹ ਕੀ ਕੀ ਕਰਨ ਲਈ ਸਹਿਮਤ ਹੋਏ।

ਨਹਮਯਾਹ ਦੀ ਕਿਤਾਬ ਦੇ ਇਸ ਹਿੱਸੇ ਵਿਚ ਯਹੂਦੀ ਆਗੂਆਂ ਨੇ ਨੇਮ ਦੇ ਦਸਤਾਵੇਜ਼ ਨੂੰ ਲਿਖ ਕੇ ਅਤੇ ਹਸਤਾਖਰ ਕਰਕੇ ਸ਼ਰ੍ਹਾ ਨੂੰ ਮੰਨਣ ਦੀ ਆਪਣੀ ਵਚਨਬੱਧਤਾ ਨੂੰ ਖੁੱਲ੍ਹ ਕੇ ਵਿਖਾਇਆ। ਇਸ ਭਾਗ ਦੀਆਂ ਘਟਨਾਵਾਂ (8:1—10:39) ਦਾ ਅਰੰਭ ਅਤੇ ਅੰਤ ਸ਼ਰ੍ਹਾ ਨਾਲ ਹੋਇਆ। ਲੋਕਾਂ ਨੇ ਤਿਸ਼ਰੀ ਦੇ ਮਹੀਨੇ ਦੀ ਪਹਿਲੀ ਤਰੀਕ ਨੂੰ ਖ਼ੁਦਾ ਦੇ ਵਚਨ ਨੂੰ ਪੜ੍ਹਨ ਅਤੇ ਅਰਥ ਕਰਨ ਨਾਲ ਸ਼ੁਰੂਆਤ ਕੀਤੀ (8:2)। ਫਿਰ ਮਹੀਨੇ ਦੀ ਪੰਦਰਾਂ ਤੋਂ ਬਾਈ ਤਰੀਕ ਤਕ ਯਹੂਦੀਆਂ ਨੇ ਡੇਰਿਆਂ ਜਾਂ ਤੰਬੂਆਂ ਜਾਂ ਝੋਪੜੀਆਂ ਦਾ ਪਰਬ ਮਨਾਇਆ (8:14; ਵੇਖੋ ਲੇਵੀਆਂ 23:39-43)। ਇਸ ਦੇ ਦੋ ਦਿਨਾਂ ਬਾਅਦ, ਮਹੀਨੇ ਦੀ ਚੌਵ੍ਹੀ ਤਰੀਕ ਨੂੰ ਇਕ ਪਸ਼ਚਾਤਾਪੀ ਸਭਾ ਹੋਈ ਜਿਸ ਵਿਚ ਪਿਛਲੇ ਅਤੇ ਵਰਤਮਾਨ ਪਾਪ ਦਾ ਇਕਰਾਰ ਕੀਤਾ ਗਿਆ (9:1)। ਇਸ ਦਾ ਨਤੀਜਾ ਖ਼ੁਦਾ ਦੀ ਸ਼ਰ੍ਹਾ ਨੂੰ ਮੰਨਣ ਲਈ ਨਵੇਂ ਸਿਰਿਉਂ ਸਮਰਪਣ ਹੋਇਆ, ਜਿਹੜਾ ਨੇਮ ਦੇ ਦਸਤਾਵੇਜ਼ ਦੇ ਰਾਹੀਂ ਵਿਖਾਇਆ ਗਿਆ (9:38)। ਵਚਨ ਇਹ ਸੰਕੇਤ ਦਿੰਦਾ ਹੈ ਕਿ ਇਸ ਸਾਰੀ ਪ੍ਰਕਿਰਿਆ ਵਿਚ ਅਜ਼ਰਾ ਅਤੇ ਨਹਮਯਾਹ ਦਾ ਯੋਗਦਾਨ ਬਹੁਤ ਸੀ।[1]

ਕੁਝ ਟੀਕਾਕਾਰ ਅਧਿਆਇ 10 ਨੂੰ ਗਲਤ ਥਾਂ ਰੱਖਿਆ ਗਿਆ ਮੰਨਦੇ ਹਨ। ਮਤਲਬ ਇਹ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਹ ਕਿਸੇ ਹੋਰ ਸੰਦਰਭ ਵਿੱਚੋਂ ਹੈ ਅਤੇ ਇੱਥੇ ਇਸ ਨੂੰ ਕਿਸੇ ਸੰਪਾਦਕ ਵਲੋਂ ਰੱਖ ਦਿੱਤਾ ਗਿਆ। ਪਰ ਸੰਦਰਭ ਵਿਚਲੇ ਸ਼ਬਦਾਂ ਤੋਂ ਇਹੀ ਲਗਦਾ ਹੈ ਕਿ ਜਿੱਥੇ ਇਹ ਰੱਖਿਆ ਗਿਆ ਉਹ ਸਹੀ ਹੈ। ਨਾਲੇ ਅਧਿਆਇ ਵਿਚ ਅਜ਼ਰਾ ਦਾ ਨਾ ਹੋਣਾ ਇਹ ਸਾਬਿਤ ਨਹੀਂ ਕਰਦਾ ਕਿ ਅਧਿਆਇ ਨੂੰ ਗਲਤ ਥਾਂ ਤੇ ਰੱਖਿਆ ਗਿਆ ਹੈ।

ਨੇਮ ਉੱਤੇ ਲਿਖੇ ਗਏ ਨਾਮ (10:1-27)

ਦਸਤਾਵੇਜ਼ ਉੱਤੇ ਦਸਤਖ਼ਤ ਕਰਨ ਵਾਲੇ ''ਆਗੂਆਂ, ''ਲੇਵੀਆਂ'' ਅਤੇ ''ਯਾਜਕਾਂ'' ਦੇ ਰਿਕਾਰਡ ਵਿਚ 9:38 ਵਿਚ ਤਿੰਨ ਗੁੱਟਾਂ ਦਾ ਜ਼ਿਕਰ ਸੀ।[2] ਇਨ੍ਹਾਂ ਤਿੰਨਾਂ ਗਰੁੱਪਾਂ ਦੇ ਲੋਕਾਂ ਦੇ ਨਾਂਅ

ਅਧਿਆਇ 10 ਵਿਚ ਮਿਲਦੇ ਹਨ, ਭਾਵੇਂ ਉੱਥੇ ਤਰਤੀਬ ਉਲਟੀ ਹੈ।

ਹਾਕਮ ਅਤੇ ਯਾਜਕ (10: 1-8)

1 ਉਹ ਦੇ ਉੱਤੇ ਮੋਹਰ ਲਾਉਣ ਵਾਲੇ ਇਹ ਸਨ, - ਹਕਲਯਾਹ ਦਾ ਪੁੱਤਰ ਨਹਮਯਾਹ ਹਾਕਮ
ਅਤੇ ਸਿਦਕੀਯਾਹ 2 ਸਰਾਯਾਹ ਅਰ ਅਜ਼ਰਯਾਹ ਅਤੇ ਯਿਰਮਿਯਾਹ 3 ਪਸ਼ਹੂਰ ਅਰ ਅਮਰਯਾਹ ਅਤੇ
ਮਲਕੀਯਾਹ 4 ਹੱਟੂਸ਼ ਅਰ ਸਬਨਯਾਹ ਅਤੇ ਮੱਲੂਕ 5 ਹਾਰਿਮ ਅਰ ਮਰੇਮੋਥ ਅਤੇ ਓਬਦਯਾਹ 6 ਦਾਨੀਏਲ
ਅਰ ਗਿਨਥੋਨ ਅਤੇ ਬਾਰੂਕ 7 ਮਸ਼ੁੱਲਾਮ ਅਰ ਅਬੀਯਾਹ ਅਤੇ ਮੀਯਾਮੀਨ 8 ਮਅਜ਼ਯਾਹ ਅਰ ਬਿਲਗਈ
ਅਤੇ ਸਮਆਯਾਹ ਇਹ ਜਾਜਕ ਸਨ।

ਸਮਝ ਵਿਚ ਆਉਂਦਾ ਹੈ ਕਿ ਸਭ ਤੋਂ ਅਹਿਮ ਜਾਂ ਸਮਾਜ ਦੇ ਸਭ ਤੋਂ ਇਖ਼ਤਿਆਰ ਵਾਲੇ ਲੋਕ ਲਿਖਤੀ ਸਮਝੌਤੇ ਉੱਤੇ ਦਸਤਖ਼ਤ ਕਰਨ ਵਾਲੇ ਪਹਿਲੇ ਲੋਕ ਸਨ।

ਆਇਤਾਂ 1-8. ਮੋਹਰ ਲੱਗਾ ਦਸਤਾਵੇਜ਼ ਯਹੂਦੀਆਂ ਵੱਲੋਂ ਨੇਮ ਦੇ ਨਵੇਂ ਸਿਰਿਉਂ ਬੰਨ੍ਹੇ ਜਾਣ ਦੀ ਮੁੱਖ ਗੱਲ ਸੀ। ਦਸਤਾਵੇਜ਼ਾਂ ਦੀ ਪ੍ਰਮਾਣਿਕਤਾ ਦੀ ਗਾਰੰਟੀ ਲਈ ਉਨ੍ਹਾਂ ਉੱਤੇ ''ਮੋਹਰ'' ਲਾਈ ਜਾਂਦੀ ਸੀ; ਦਸਤਾਵੇਜ਼ ਉੱਤੇ ਮੋਹਰ ਲਗ ਜਾਣ ਤੋਂ ਬਾਅਦ ਇਸ ਨਾਲ ਛੇੜਛਾੜ ਨਹੀਂ ਹੋ ਸਕਦੀ ਸੀ। ਇਸ ਪੈਰ੍ਹੇ ਵਿਚ ਜਿਨ੍ਹਾਂ ਲੋਕਾਂ ਦੇ ਨਾਂਅ ਹਨ ਉਨ੍ਹਾਂ ਨੇ ਜਾਂ ਤਾਂ ਆਪਣੇ ਨਾਵਾਂ ਦੇ ਦਸਤਖ਼ਤ ਕੀਤੇ ਹੋਣਗੇ ਜਾਂ ਇਸ ਦਸਤਾਵੇਜ਼ ਨਾਲ ਆਪਣੀ ਸਹਿਮਤੀ ਜਤਾਉਣ ਲਈ ਆਪੋ ਆਪਣੀ ਮੋਹਰ ਵਰਤੀ ਹੋਵੇਗੀ।[3]

ਦਸਤਾਵੇਜ਼ ਉੱਤੇ ਦਸਤਖ਼ਤ ਕਰਨ ਵਾਲੇ ਲੋਕਾਂ ਵਿੱਚੋਂ ਸਭ ਤੋਂ ਉੱਪਰ ਜਾਂ ਆਪਣੀ ਮੋਹਰ ਲਾਉਣ ਵਾਲਾ **ਨਹਮਯਾਹ ਹਾਕਮ** ਪਹਿਲਾ ਨਾਮ ਹੈ। ਅਨੁਵਾਦ ਹੋਏ ਸ਼ਬਦ ''ਹਾਕਮ'' ਲਈ ਇਬਰਾਨੀ ਸ਼ਬਦ (*thirshatha'*, *ਤਿਰਸ਼ਾਤਾ*) ਇਕ ਫ਼ਾਰਸੀ ਅਹੁਦਾ ਹੈ (ਵੇਖੋ 7:65, 70; 8:9)। ਨਹਮਯਾਹ ਦੇ ਨਾਂਅ ਦੇ ਬਾਅਦ **ਸਿਦਕੀਯਾਹ** ਦਾ ਨਾਂਅ ਆਉਂਦਾ ਹੈ। ਇਨ੍ਹਾਂ ਦੋਹਾਂ ਨਾਂਵਾਂ ਨੂੰ ਬਾਕੀ ਦੇ ਨਾਂਵਾਂ ਤੋਂ ਅੱਡ ਕਰਦਿਆਂ ਯੋਜਕ **ਅਤੇ** ਨਾਲ ਜੋੜਿਆ ਗਿਆ ਹੈ।[4] ਸੰਭਵ ਹੈ ਕਿ ਸਿਦਕੀਯਾਹ ਨਹਮਯਾਹ ਦਾ ਸਕੱਤਰ ਸੀ ਜਾਂ ਕੋਈ ਹੋਰ ਸਰਕਾਰੀ ਅਧਿਕਾਰੀ।

ਇਸ ਤੋਂ ਬਾਅਦ ਉਨ੍ਹਾਂ **ਜਾਜਕਾਂ** ਦੇ ਨਾਂਅ ਆਉਂਦੇ ਹਨ ਜਿਨ੍ਹਾਂ ਨੇ ਦਸਤਾਵੇਜ਼ ਉੱਤੇ ਦਸਤਖ਼ਤ ਕੀਤੇ। ਜ਼ਾਹਿਰ ਹੈ ਕਿ ਇਹ ਨਾਂਅ ਨਿੱਜੀ ਨਾ ਹੋ ਕੇ ਜ਼ਿਆਦਾਤਰ ਪਰਿਵਾਰਿਕ ਨਾਂਅ ਹਨ, ਕਿਉਂ ਜੋ ਇਨ੍ਹਾਂ ਆਇਤਾਂ ਵਿਚਲੇ ਬਹੁਤੇ ਨਾਂਅ ਜ਼ਰੁੱਬਾਬਲ ਨਾਲ ਬਾਬਲ ਤੋਂ ਵਾਪਸ ਆਉਣ ਵਾਲਿਆਂ ਵਿੱਚੋਂ ਵੀ ਸਨ (ਅਧਿਆਇ 12)।[5] ਉਦਾਹਰਣ ਲਈ ਇਹ ਪੈਰ੍ਹਾ ਇਹ ਦੱਸਦਾ ਹੈ ਕਿ **ਸਰਾਯਾਹ** ਦੇ ਪਰਿਵਰ ਦੇ ਨੁਮਾਇੰਦੇ ਨੇ ਦਸਤਾਵੇਜ਼ ਤੇ ਦਸਤਖ਼ਤ ਕੀਤੇ ਜਿਵੇਂ **ਅਮਰਯਾਹ** ਦੇ ਪਰਿਵਾਰ ਵਿੱਚੋਂ ਕਿਸੇ ਨੇ। ਪਰਿਵਾਰਿਕ ਨਾਂਵਾਂ ਦੀ ਵਰਤੋਂ ਤੋਂ ਇਹ ਪਤਾ ਲਗ ਸਕਦਾ ਹੈ ਕਿ ਅਜ਼ਰਾ ਦਾ ਨਾਂਅ ਨੇਮ ਦੇ ਦਸਤਖ਼ਤ ਕਰਨ ਵਜੋਂ ਕਿਉਂ ਨਹੀਂ ਦਿੱਤਾ ਗਿਆ। ਕਿਉਂਕਿ ਉਹ ਯਾਜਕ ਸੀ ਅਤੇ ਸਰਾਯਾਹ ਦੇ ਖ਼ਾਨਦਾਨ ਵਿੱਚੋਂ ਸੀ, ਇਸ ਕਰਕੇ ਉਹ ਨੇ ਆਪਣੇ ਪਰਿਵਾਰ ਦੀ ਤਰਫ਼ੋਂ ਦਸਤਖ਼ਤ ਕਰ ਦਿੱਤੇ ਹੋਣਗੇ। ਇੱਕੀ ਯਾਜਕਾਂ ਦੇ ਇਸ ਸਮਝੌਤੇ ਤੇ ਦਸਤਖ਼ਤ ਕਰਨ ਦੀ ਗੱਲ ਕਹੀ ਗਈ ਹੈ।

ਲੇਵੀ (10:9-13)

9 ਅਤੇ ਲੇਵੀ ਇਹ ਸਨ, ਅਜ਼ਨਯਾਹ ਦਾ ਪੁੱਤਰ ਯੇਸ਼ੂਆ ਅਰ ਹੇਨਾਦਾਦ ਦੇ ਪੁੱਤਰਾਂ ਵਿੱਚੋਂ ਬਿੰਨੂਈ,
ਕਦਮੀਏਲ, 10 ਅਤੇ ਉਨ੍ਹਾਂ ਦੇ ਭਰਾ ਸ਼ਬਨਯਾਹ ਅਰ ਹੋਦੀਯਾਹ ਅਰ ਕਲੀਟਾ ਅਰ ਪਲਾਯਾਹ ਅਤੇ
ਹਨਾਨ 11 ਮੀਕਾ ਅਰ ਰਹੋਬ ਅਰ ਹਸ਼ਬਯਾਹ 12 ਜ਼ੱਕੂਰ ਅਰ ਸ਼ੇਰੇਬਯਾਹ ਅਤੇ ਸ਼ਬਨਯਾਹ 13 ਹੋਦੀਯਾਹ

ਅਰ ਬਾਨੀ ਅਰ ਬਨੀਨੂ।

ਆਇਤਾਂ 9-13. ਅਧਿਆਇ ਵਿਚਲੇ ਗੁੱਟ ਉਨ੍ਹਾਂ ਦੇ ਮਹੱਤਵ ਮੁਤਾਬਕ ਦਿੱਤੇ ਗਏ ਜਾਪਦੇ ਹਨ: ਸਭ ਤੋਂ ਪਹਿਲਾਂ ਹਾਕਮ (ਅਤੇ ਸ਼ਾਇਦ ਉਸ ਦਾ ਸਹਾਇਕ); ਅਤੇ ਦੂਜਾ ਜਾਜਕ, ਅਤੇ ਤੀਜਾ, **ਲੇਵੀ** ਕਿਉਂ ਜੋ ਉਹ ਯਾਜਕਾਂ ਦੇ ਹੇਠਲੇ ਪਰ ਲੋਕਾਂ ਵਿੱਚੋਂ ''ਆਮ'' ਆਗੂਆਂ ਦੇ ਆਖ਼ਰੀ ਗੁੱਟ ਤੋਂ ਉੱਪਰ ਸਨ। ''ਲੇਵੀਆਂ'' ਦੇ ਸਬੰਧ ਵਿਚ ਲਗਦਾ ਹੈ ਕਿ ਨਿੱਜੀ ਨਾਂਵਾਂ ਦੀ ਵਰਤੋਂ ਕੀਤੀ ਗਈ ਨਾ ਕਿ ਪਰਿਵਾਰਿਕ ਨਾਂਵਾਂ ਦੀ।[6] ਨਹਮਯਾਹ ਦੀ ਪੁਸਤਕ ਵਿਚ ਇਨ੍ਹਾਂ ਵਿੱਚੋਂ ਕੁਝ ਦੇ ਨਾਂਅ ਲੇਵੀਆਂ ਵਿਚ ਦਿੱਤੇ ਗਏ ਹਨ, ਪਰ ਇੱਥੇ ਦਿੱਤੀ ਗਈ ਸੂਚੀ ਵਾਲੇ ਅਤੇ ਇੱਥੇ ਦਿੱਤੇ ਨਾਵਾਂ ਨਾਲੋਂ ਐਨੇ ਸਪੱਸ਼ਟ ਨਾਂ ਹੋਰ ਕਿਤੇ ਨਹੀਂ ਦਿੱਤੇ ਗਏ। **ਯੇਸ਼ੂਆ** ਅਤੇ **ਬਿੰਨੂਈ, ਕਦਮੀਏਲ** ਦੇ ਇਲਾਵਾ **ਉਨ੍ਹਾਂ ਦੇ** ਚੌਦਾਂ **ਭਰਾਵਾਂ** ਨੇ ਅਧਿਕਾਰਿਕ ਤੌਰ ਤੇ ਖ਼ੁਦਾ ਦਾ ਹੁਕਮ ਮੰਨਣ ਦੇ ਇਸ ਲਿਖਤੀ ਵਾਅਦੇ ਉੱਤੇ ਆਪਣੇ ਨਾਂਅ ਲਿਖਵਾਏ।

ਮੁਖੀਏ (10:14-27)

14ਪਰਜਾ ਦੇ ਮੁਖੀਏ ਇਹ ਸਨ, ਪਰਓਸ਼ ਅਰ ਪਹਥਮੋਆਬ ਅਰ ਏਲਾਮ ਅਰ ਜ਼ੱਤੂ ਅਤੇ ਬਾਨੀ
15ਬੁੰਨੀ ਅਰ ਅਜ਼ਗਾਦ ਅਰ ਬੇਬਾਈ 16ਅਦੋਨੀਯਾਹ ਅਰ ਬਿਗਵਈ ਅਤੇ ਆਦੀਨ 17ਆਟੇਰ ਅਰ
ਹਿਜ਼ਕੀਯਾਹ ਅਤੇ ਅੱਜ਼ੂਰ 18ਹੋਦੀਯਾਹ ਅਰ ਹਾਸ਼ੁਮ ਅਤੇ ਬੇਸਾਈ 19ਹਾਰੀਫ ਅਰ ਅਨਾਥੋਥ ਅਤੇ
ਨੇਬਾਈ 20ਮਗਪੀਆਸ਼ ਅਰ ਮਸ਼ੁੱਲਮ ਅਤੇ ਹੇਜ਼ੀਰ 21ਅਤੇ ਮਸ਼ੇਜ਼ਬੇਲ ਅਰ ਸਾਦੋਕ ਅਤੇ ਯੱਦੂਆ
22ਪਲਟਯਾਹ ਅਰ ਹਨਾਨ ਅਤੇ ਅਨਾਯਾਹ 23ਹੋਸ਼ੇਆ ਅਰ ਹਨੱਨਯਾਹ ਅਤੇ ਹੱਸ਼ੂਬ 24ਹੱਲੋਹੇਸ਼ ਅਰ
ਪਿਲਹਾ ਅਤੇ ਸ਼ੋਬੇਕ 25ਰਹੂਮ ਅਰ ਹਸ਼ਬਨਾਹ ਅਤੇ ਮਅਸੇਯਾਹ 26ਅਹੀਯਾਹ ਅਰ ਹਾਨਾਨ ਅਤੇ
ਆਨਾਨ 27ਮੱਲੂਕ ਅਰ ਹਾਰੀਮ ਅਤੇ ਬਆਨਾਹ।

ਆਇਤਾਂ 14-27. ਪਰਜਾ ਦੇ ਮੁਖੀਏ, ਜ਼ਾਹਿਰ ਤੌਰ ਤੇ ਪਰਿਵਾਰਾਂ ਦੇ ਮੁਖੀ ਹੀ ਸਨ। ''ਮੁਖੀਏ'' ਲਈ ਇਬਰਾਨੀ ਸ਼ਬਦ (*ro'sh*, *ਰੋਸ਼ ਤੋਂ*) ਦਾ ਮੂਲ ਅਰਥ ''ਸਰਦਾਰ'' (REB) ਹੈ ਅਤੇ ਇਹ ''ਪਰਧਾਨਾਂ'' (NJPSV) ਲਈ ਵਰਤਿਆ ਗਿਆ ਹੈ। 9:38 ਵਿਚ ਇਨ੍ਹਾਂ ਨੂੰ ''ਸਾਡੇ ਸਰਦਾਰ'' ਆਖਿਆ ਗਿਆ ਹੈ। ਚੁਤਾਲੀ ਬੰਦਿਆਂ ਦੇ ਨਾਂਅ ਹਨ; ''ਜਿਨ੍ਹਾਂ ਵਿੱਚੋਂ ਵੀਹ ਅਜ਼ਰਾ 2 ਅਤੇ ਨਹਮਯਾਹ 7 ਵਾਲੀਆਂ ਸੂਚੀਆਂ ਵਿਚ ਵੀ ਮਿਲਦੇ ਹਨ।''[7] ਸੂਚੀਆਂ ਵਿਚ ਸਮਾਨਤਾਵਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਹ ਨਿੱਜੀ ਨਾਂਵਾਂ ਦੀ ਬਜਾਇ ਪਰਿਵਾਰਿਕ ਨਾਂਅ ਹਨ। ਦੂਜੇ ਪਾਸੇ ਫ਼ਰਕ ''ਇੱਧਰ ਉੱਧਰ ਜਾਣ, ਵੰਡੀ ਪੈਣ ਜਾਂ ਪਰਿਵਾਰ ਵਿੱਚੋਂ ਕਿਸੇ ਦੇ ਮਰ ਜਾਣ ਕਰਕੇ ਵੀ ਹੋ ਸਕਦੇ ਹਨ।''[8] ਇੱਥੇ ਵਿਸਤਾਰ ਪੂਰਵਕ ਸੂਚੀ ਵਿਚ ਉਨ੍ਹਾਂ ਦੇ ਨਾਂਅ ਵੀ ਹੋ ਸਕਦੇ ਹਨ ਜਿਹੜੇ ਬਾਬਲ ਦੀ ਅਸੀਰੀ ਵਿਚ ਨਹੀਂ ਗਏ ਸਨ, ਉਹ ਯਹੂਦਾਹ ਵਿਚ ਰਹਿ ਗਏ ਜਾਂ ਕਿਸੇ ਹੋਰ ਥਾਂ ਲੁਕ ਗਏ ਅਤੇ ਬਾਅਦ ਵਿਚ ਵਾਪਸ ਆ ਗਏ। ਨਾਲੇ, ਪੁਰਾਣੇ ਪਰਿਵਾਰਾਂ ਦੀਆਂ ਨਵੀਆਂ ਸ਼ਾਖਾਵਾਂ ਵੀ ਨਿੱਕਲ ਆਈਆਂ ਹੋਣਗੀਆਂ (ਜਿਵੇਂ **ਆਟੇਰ ਹਿਜ਼ਕੀਯਾਹ** ਤੋਂ ਨਿੱਕਲਿਆ ਹੋ ਸਕਦਾ ਹੈ; 7:21; ਅਜ਼ਰਾ 2:16)। ਜ਼ਾਹਿਰ ਤੌਰ ਤੇ ਕੁਝ ਪਰਿਵਾਰਾਂ ਨੇ ਸ਼ਹਿਰਾਂ ਦੇ ਨਾਂਅ ਆਪਣੇ ਨਾਲ ਜੋੜ ਲਏ ਹੋਣਗੇ ਜਿਨ੍ਹਾਂ ਵਿਚ ਉਹ ਰਹਿੰਦੇ ਸਨ (ਜਿਵੇਂ **ਅਨਾਥੋਥ** ਅਤੇ **ਨੇਬਾਈ**)।[9]

ਪੂਰੀ ਬਰਾਦਰੀ ਦੀ ਨੁਮਾਇੰਦਗੀ ਦਸਤਾਵੇਜ਼ ਉੱਤੇ ਦਸਤਖ਼ਤ ਕਰਨ ਵਾਲਿਆਂ ਭਾਵ ਨਹਮਯਾਹ ਹਾਕਮ ਅਤੇ ਸਿਦਕੀਯਾਹ, ਯਾਜਕਾਂ, ਲੇਵੀਆਂ ਅਤੇ ਪਰਜਾ ਦੇ ਮੁਖੀਆਂ ਵੱਲੋਂ ਕੀਤੀ ਗਈ। ਪੂਰੀ ਬਰਾਦਰੀ ਨੇ ਤੁਰੇਤ ਨੂੰ ਇਹ ਜਵਾਬ ਦਿੱਤਾ। ਉਨ੍ਹਾਂ ਨੂੰ ਉਦਾਸੀ, ਖੁਸ਼ੀ ਅਤੇ ਡੂੰਘਾ ਪਛਤਾਵਾ ਸ਼ਾਮਿਲ

ਸੀ। ਇਨ੍ਹਾਂ ਲੋਕਾਂ ਲਈ ਸ਼ਰ੍ਹਾ ਨਾਲ ਸਬੰਧਿਤ ਨਵੇਂ ਸੰਕਲਪ ਲੈਣ ਦਾ ਸਮਾਂ ਆ ਗਿਆ ਸੀ।[10]

ਨੇਮ ਦੀਆਂ ਬੰਦਿਸ਼ਾਂ (10:28-39)

ਦਸਤਖ਼ਤ ਕਰਨ ਵਾਲਿਆਂ ਦੀ ਸੂਚੀ ਤੋਂ ਬਾਅਦ, ਸਮਝੌਤੇ ਦੇ ਇਕਰਾਰਨਾਮੇ ਤੈਅ ਕੀਤੇ ਗਏ। ਇਸ ਤੋਂ ਬਾਅਦ ਸ਼ਰ੍ਹਾ ਨੂੰ ਮੰਨਣ ਦਾ ਆਮ ਅਹਿਦ ਇਸ ਦੀਆਂ ਸ਼ਰਤਾਂ ਨੂੰ ਮੰਨਣ ਨਾਲ ਦਿੱਤਾ ਗਿਆ। 10:28–39 ਵਿਚਲੇ ਸ਼ਬਦ ਉਸ ਦਸਤਾਵੇਜ਼ ਦੇ ਅੱਖਰ–ਬ–ਅੱਖਰ ਨਕਲ ਲਗਦੇ ਹਨ ਜਿਸ ਨੂੰ ਯਹੂਦੀਆਂ ਨੇ ਮੰਨ ਕੇ ਦਸਤਖ਼ਤ ਕੀਤੇ।

ਸ਼ਰ੍ਹਾ ਨੂੰ ਮੰਨਣਾ (10:28-31)

**28ਅਤੇ ਬਾਕੀ ਲੋਕ ਅਰ ਜਾਜਕ ਅਰ ਲੇਵੀ ਅਰ ਦਰਬਾਨ ਅਰ ਰਾਗੀ ਅਰ ਨਥੀਨੀਮ ਅਰ ਸਾਰੇ
ਜਿਹੜੇ ਦੇਸਾਂ ਦੀਆਂ ਉੱਮਤਾਂ ਵਿੱਚੋਂ ਪਰਮੇਸ਼ੁਰ ਦੀ ਬਿਵਸਥਾ ਲਈ ਅੱਡ ਹੋ ਗਏ ਸਨ ਉਨ੍ਹਾਂ ਦੀਆਂ
ਤੀਵੀਆਂ, ਉਨ੍ਹਾਂ ਦੇ ਪੁੱਤਰ, ਉਨ੍ਹਾਂ ਦੀਆਂ ਧੀਆਂ ਅਤੇ ਓਹ ਸਾਰੇ ਜਿਨ੍ਹਾਂ ਵਿਚ ਸਿਆਣ ਅਤੇ ਸਮਝ
ਸੀ 29ਆਪਣੇ ਪੰਤਵੰਤੇ ਭਰਾਵਾਂ ਨਾਲ ਮਿਲ ਕੇ ਇਸ ਸਹੁੰ ਅਤੇ ਇਸ ਸਰਾਪ ਵਿਚ ਆਏ ਕਿ ਅਸੀਂ
ਪਰਮੇਸ਼ੁਰ ਦੀ ਬਿਵਸਥਾ ਦੇ ਅਨੁਸਾਰ ਚੱਲਾਂਗੇ ਜਿਹੜੀ ਪਰਮੇਸ਼ੁਰ ਦੇ ਦਾਸ ਮੂਸਾ ਦੇ ਰਾਹੀਂ ਦਿੱਤੀ ਗਈ
ਅਤੇ ਯਹੋਵਾਹ ਆਪਣੇ ਪ੍ਰਭੂ ਦੇ ਸਾਰੇ ਹੁਕਮਾਂ ਅਰ ਨਿਆਵਾਂ ਅਰ ਬਿਧੀਆਂ ਨੂੰ ਪੂਰਾ ਕਰ ਕੇ ਪਾਲਣਾ
ਕਰਾਂਗੇ 30ਅਸੀਂ ਆਪਣੀਆਂ ਧੀਆਂ ਇਸ ਦੇਸ ਦੇ ਲੋਕਾਂ ਨੂੰ ਨਹੀਂ ਦਿਆਂਗੇ ਨਾ ਹੀ ਉਨ੍ਹਾਂ ਦੀਆਂ ਧੀਆਂ
ਆਪਣੇ ਪੁੱਤਰਾਂ ਲਈ ਲਵਾਂਗੇ 31ਜੇ ਇਸ ਦੇਸ ਦੇ ਲੋਕ ਸੱਬਤ ਦੇ ਦਿਨ ਉੱਤੇ ਵੇਚਣ ਲਈ ਕੋਈ ਮਾਲ
ਯਾ ਖਾਣ ਦੀਆਂ ਵਸਤਾਂ ਅੰਦਰ ਲਿਆਉਣ ਤਾਂ ਅਸੀਂ ਸੱਬਤ ਦੇ ਦਿਨ ਯਾ ਪਵਿੱਤਰ ਦਿਨ ਵਿਚ ਉਨ੍ਹਾਂ
ਤੋਂ ਨਾ ਲਵਾਂਗੇ ਅਤੇ ਅਸੀਂ ਸੱਬਤ ਦਾ ਸਾਲ ਵੀ ਛੱਡ ਦਿਆਂਗੇ ਅਰ ਹਰ ਬਿਆਜ ਦੀ ਉਗਰਾਹੀ ਵੀ।**

ਆਇਤ 28. ਇਸ ਪੈਰ੍ਹੇ ਵਿਚ ਇਹ ਜਾਣਕਾਰੀ ਦਿੱਤੀ ਗਈ ਕਿ **ਅਤੇ ਬਾਕੀ ਲੋਕ**, ਭਾਵ ਨੇਮ ਦੀਆਂ ਗੱਲਾਂ ਨਾਲ ਸਹਿਮਤ ਸਨ ਸਿਰਫ਼ ਉਹੀ ਨਹੀਂ ਜਿਨ੍ਹਾਂ ਦੇ ਨਾਮ ਦਿੱਤੇ ਗਏ ਸਨ। ਇਸ ਫੁਟਕਲ ਗੁੱਟ ਵਿਚ **ਜਾਜਕ**, **ਲੇਵੀ**, **ਦਰਬਾਨ**, **ਰਾਗੀ**, ਅਤੇ **ਨਥੀਨੀਮ** ਸਭ ਸ਼ਾਮਿਲ ਸਨ। ਇਸ ਵਿਚ ਇਨ੍ਹਾਂ ਲੋਕਾਂ ਦੀਆਂ **ਤੀਵੀਂਆਂ**, **ਪੁੱਤਰ** ਅਤੇ **ਧੀਆਂ** ਵੀ ਸਨ। ਇਹ ਬੱਚੇ ਐਨੇ ਕੁ ਵੱਡੇ ਸਨ ਕਿ ਇਹ ਸ਼ਰ੍ਹਾ ਨੂੰ ਅਤੇ ਉਨ੍ਹਾਂ ਉੱਤੇ ਇਸ ਵੱਲੋਂ ਦੱਸੀਆਂ ਜਾਣ ਵਾਲੀਆਂ ਬੰਦਿਸ਼ਾਂ ਨੂੰ ਸਮਝ ਸਕਦੇ ਸਨ।

ਲਿਖਤ ਉਨ੍ਹਾਂ ਸਭਨਾਂ ਦੀ ਗੱਲ ਕਰਦੀ ਹੈ **ਜਿਹੜੇ ਦੇਸਾਂ ਦੀਆਂ ਉੱਮਤਾਂ ਵਿੱਚੋਂ ਪਰਮੇਸ਼ੁਰ ਦੀ ਬਿਵਸਥਾ ਲਈ ਅੱਡ ਹੋ ਗਏ ਸਨ**। ਟੀਕਾਕਾਰ ਆਮ ਤੌਰ ਤੇ ਇਸ ਵਾਕ ਦੀ ਵਿਆਖਿਆ ਇਸ ਤੋਂ ਪਿਛਲੇ ਹਿੱਸੇ ਦੇ ਵਿਰੋਧ ਵਾਲੇ ਹਿੱਸੇ ਦੇ ਰੂਪ ਵਿਚ ਕਰਦੇ ਹਨ। ''ਬਾਕੀ ਲੋਕ'' ਜਿਹੜੇ ਨੇਮ ਨੂੰ ਮੰਨਣ ਲਈ ਰਾਜ਼ੀ ਹੋ ਗਏ ਸਨ, ਉਹ ਸਨ, ਜਿਹੜੇ ਬੁੱਤਪ੍ਰਸਤ ਕੌਮਾਂ ਤੋਂ ''ਅੱਡ ਹੋ ਗਏ'' ਸਨ। ਲੈਸਟਰ ਐੱਲ. ਗ੍ਰੈਬ ਨੇ ਇਸ ਨੂੰ ਇਸ ਤਰ੍ਹਾਂ ਕਿਹਾ ਹੈ: ''ਬਾਕੀ ਲੋਕਾਂ ਅਤੇ ਹੈਕਲ ਦੇ ਅਹੁਦੇਦਾਰਾਂ (ਯਾਜਕਾਂ, ਲੇਵੀਆਂ, ਦਰਬਾਨਾਂ, ਰਾਗੀਆਂ, ਨਥੀਨੀਮਾਂ) ਨੇ ਉਨ੍ਹਾਂ ਦੀਆਂ ਪਤਨੀਆਂ, ਪੁੱਤਰਾਂ ਅਤੇ ਧੀਆਂ ਸਣੇ, ਖ਼ੁਦਾ ਦੀ ਤੋਰਾਹ ਲਈ ਆਪਣੇ ਆਪ ਨੂੰ 'ਦੇਸ਼ ਦੇ ਲੋਕਾਂ' ਨਾਲੋਂ ਤੋੜ ਲਿਆ ਸੀ।''[11] ਇਕ ਹੋਰ ਸੰਭਾਵਨਾ ਇਹ ਹੈ ਕਿ ''ਸਾਰੇ ਜਿਹੜੇ ਦੇਸਾਂ ਦੀਆਂ ਉੱਮਤਾਂ ਵਿੱਚੋਂ ਪਰਮੇਸ਼ੁਰ ਦੀ ਬਿਵਸਥਾ ਲਈ ਅੱਡ ਹੋ ਗਏ ਸਨ'' ਦਾ ਅਰਥ ਯਹੂਦੀਆਂ ਵਿਚਕਾਰ ਰਹਿਣ ਵਾਲੇ ਯਹੂਦੀ ਮੁਰੀਦ ਹੋ ਸਕਦਾ ਹੈ। ਯਹੂਦੀ ਬਣੇ ਗੈਰਕੌਮ ਆਪਣੇ ਗੈਰਕੌਮ ਸਾਥੀਆਂ ਨਾਲੋਂ ਅੱਡ ਹੋ ਗਏ ਹੋਣਗੇ। ਖ਼ਾਸ ਕਰਕੇ ਉਨ੍ਹਾਂ ਦੀ ਬੁੱਤਪ੍ਰਸਤੀ ਤੋਂ ਅਤੇ ਇਸਦੇ ਹੁਕਮਾਂ ਨੂੰ ਮੰਨਣ ਦਾ ਅਹਿਦ ਕਰਕੇ ਉਹ ''ਖ਼ੁਦਾ ਦੀ ਸ਼ਰ੍ਹਾ'' ਨਾਲ ਰਲ ਗਏ ਹੋਣਗੇ। ਇਹ ਵਿਆਖਿਆ ਸੰਦਰਭ ਨਾਲ ਵੀ ਮੇਲ ਖਾਂਦੀ ਹੈ, ਇਸ ਕਰਕੇ ਕਿ ਇਸ ਵਿਚ

ਲੋਕਾਂ ਦਾ ਇਕ ਹੋਰ ਵਰਗ ਮਿਲਦਾ ਹੈ ਜਿਹੜਾ ਨੇਮ ਦੀਆਂ ਗੱਲਾਂ ਨੂੰ ਮੰਨਣ ਲਈ ਰਾਜ਼ੀ ਹੋਇਆ।

ਆਇਤ 29. ਸਭ ਲੋਕ ਇਸ ਸਹੁੰ ਵਿਚ **ਆਪਣੇ ਪਤਵੰਤੇ ਭਰਾਵਾਂ** [NASB ਵਿਚ ਸਾਕਾਂ–ਅਨੁਵਾਦਕ] **ਨਾਲ ਮਿਲ** ਰਹੇ ਸਨ। ਇਨ੍ਹਾਂ ''ਭਰਾਵਾਂ'' ਨੂੰ ਪਤਵੰਤੇ ਵੀ ਕਿਹਾ ਗਿਆ ਹੈ। ਇਹ ਯਹੂਦੀਆਂ ਦੇ ਉਨ੍ਹਾਂ ਸਰਦਾਰਾਂ ਨੂੰ ਕਿਹਾ ਗਿਆ ਹੋਵੇਗਾ ਜਿਨ੍ਹਾਂ ਦੇ ਨਾਂਅ 10:1–27 ਵਿਚ ਮਿਲਦੇ ਹਨ। ਯਹੂਦਾਹ ਦੀ ਕੌਮ ਨੇ ਰਲ ਕੇ **ਇਸ ਸਹੁੰ ਅਤੇ ਇਸ ਸਰਾਪ** ਨੂੰ ਆਪਣੇ ਉੱਤੇ ਲਾਗੂ ਕਰਦੇ ਹੋਏ **ਪਰਮੇਸ਼ੁਰ ਦੀ ਬਿਵਸਥਾ** ਨੂੰ ਮੰਨਣ ਦੀ ਜ਼ਿਮੇਵਾਰੀ[12] ਲਈ। ਉਨ੍ਹਾਂ ਨੇ ਬਿਵਸਥਾ ਨੂੰ ਮੰਨਣ ਦੀ ਸਹੁੰ ਖਾਧੀ ਅਤੇ ਖ਼ੁਦਾ ਨੂੰ ਉਨ੍ਹਾਂ ਨੂੰ ਇਸ ਨੂੰ ਨਾ ਮੰਨਣ ਤੇ ਸਰਾਪ ਦੇਣ ਲਈ ਆਖਿਆ। ਇਸ ਸਹੁੰ ਚੁੱਕਣ ਵਿਚ ਉਨ੍ਹਾਂ ਵੱਲੋਂ ਵਰਤੇ ਗਏ ਸ਼ਬਦ ਪ੍ਰਭਾਵਸ਼ਾਲੀ ਸਨ। ਉਨ੍ਹਾਂ ਨੇ ਅਹਿਦ ਕੀਤਾ **ਕਿ ਅਸੀਂ ਪਰਮੇਸ਼ੁਰ ਦੀ ਬਿਵਸਥਾ ਦੇ ਅਨੁਸਾਰ ਚੱਲਾਂਗੇ ਜਿਹੜੀ ਪਰਮੇਸ਼ੁਰ ਦੇ ਦਾਸ ਮੂਸਾ ਦੇ ਰਾਹੀਂ ਦਿੱਤੀ ਗਈ ਅਤੇ ਯਹੋਵਾਹ ਆਪਣੇ ਪ੍ਰਭੂ ਦੇ ਸਾਰੇ ਹੁਕਮਾਂ ਅਰ ਨਿਆਵਾਂ ਅਰ ਬਿਧੀਆਂ ਨੂੰ ਪੂਰਾ ਕਰ ਕੇ ਪਾਲਣਾ ਕਰਾਂਗੇ**।[13] ਸਾਫ਼ ਹੈ ਕਿ ਪੈਰ੍ਹੇ ਵਿਚਲਾ ਜ਼ੋਰ ਇਸ ਤੱਥ ਉੱਤੇ ਹੈ ਕਿ *ਸਭ* ਲੋਕਾਂ ਨੇ ਖ਼ੁਦਾ ਦੇ ਸਾਰੇ ਨਿਯਮਾਂ ਨੂੰ ਮੰਨਣ ਦਾ ਵਾਅਦਾ ਕੀਤਾ। ਇਸ ਵਚਨਬੱਧਤਾ ਨੂੰ ਇਸਰਾਏਲ ਦੇ ਉਸ ਪੁਰਾਣੇ ਜਵਾਬ ਨਾਲ ਮਿਲਾਇਆ ਜਾ ਸਕਦਾ ਹੈ ਜਦ ਖ਼ੁਦਾ ਨੇ ਆਪਣੇ ਲੋਕਾਂ ਨਾਲ ਨੇਮ ਬੰਨ੍ਹਿਆ ਸੀ। ਉਨ੍ਹਾਂ ਆਖਿਆ ਸੀ, ''ਸਭ ਕੁਝ ਜੋ ਯਹੋਵਾਹ ਬੋਲਿਆ ਹੈ ਅਸੀਂ ਕਰਾਂਗੇ!'' (ਕੂਚ 19:8; ਵੇਖੋ 24:3)। ਇਸ ਦਿਨ ਇਹ ਵਾਅਦੇ ਕਰਕੇ ਖ਼ੁਦਾ ਦੇ ਲੋਕ ਫੇਰ ਤੋਂ ਨੇਮ ਨੂੰ ਮੰਨਣ ਦੇ ਆਪਣੇ ਪੁਰਾਣੇ ਵਾਅਦੇ ਨੂੰ ਪੱਕਾ ਕਰ ਰਹੇ ਸਨ।

ਡੀ. ਜੇ. ਏ. ਕਲਾਈਨਜ਼ ਦਾ ਵਿਚਾਰ ਹੈ ਕਿ ''ਇਸਰਾਏਲ ਵੱਲੋਂ ਲਿਆ ਗਿਆ ਅਹਿਦ ਸਾਫ਼ ਤੌਰ ਤੇ ਓਸੇ ਸੁਭਾਅ ਜਾਂ ਮਹੱਤਵ ਵਾਲਾ ਨਹੀਂ ਹੈ ਜਿਹੜਾ ਸੀਨਈ ਵਾਲੇ ਨੇਮ ਦਾ ਸੀ, ਜਿਹੜਾ ਬੜੇ ਜ਼ੋਰਦਾਰ ਢੰਗ ਨਾਲ ਖ਼ੁਦਾ ਵੱਲੋਂ ਆਉਂਦਾ ਹੈ।''[14] ਪਰ ਉਸ ਦਾ ਵਿਚਾਰ ਗੁਮਰਾਹ ਕਰਨ ਵਾਲਾ ਹੈ। ਇਸ ਮੌਕੇ ਤੇ ਜੋ ਕੁਝ ਹੋਇਆ ਉਹਦੇ ਲਈ ਖ਼ੁਦਾ ਨੂੰ ਉਹੀ ਦੁਹਰਾਉਣ ਦੀ ਲੋੜ ਨਹੀਂ ਸੀ ਜੋ ਕੁਝ ਉਸ ਨੇ ਇਸਰਾਏਲ ਲਈ ਕੀਤਾ ਸੀ (ਭਾਵੇਂ ਪਿਛਲੇ ਅਧਿਆਇ ਵਿਚ ਦੁਆ ਵਿਚ ਉਸ ਨੂੰ ਸ਼ਾਮਿਲ ਕੀਤਾ ਗਿਆ)। ਪਰ ਨੇਮ ਦੇ ਇਸ ਨਵੇਂ ਸਿਰਿਉਂ ਬੰਨ੍ਹਣ ਲਈ (ਨਾ ਕਿ ਨਵਾਂ ਨੇਮ ਬੰਨ੍ਹਣ ਲਈ) ਸਿਰਫ਼ ਇਹੀ ਜ਼ਰੂਰੀ ਸੀ ਕਿ ਇਸਰਾਏਲ ਓਸੇ ਅਹਿਦ ਨੂੰ ਦੁਹਰਾਉਂਦਾ ਜਿਹੜਾ ਉਸਨੇ ਪਹਿਲਾਂ ਕੀਤਾ ਸੀ।

ਆਇਤਾਂ 30, 31. ਇਸ ਤੋਂ ਬਾਅਦ ਨੇਮ ਨੂੰ ਮੰਨਣ ਲਈ ਆਪਣੇ ਆਪ ਨੂੰ ਦੇਣ ਵਾਲਿਆਂ ਨੇ ਕੁਝ ਨਿਯਮਾਂ ਦੀ ਗੱਲ ਕੀਤੀ ਜਿਨ੍ਹਾਂ ਨੂੰ ਮੰਨਣ ਦਾ ਉਹ ਵਾਅਦਾ ਕਰ ਰਹੇ ਸਨ। ਪਹਿਲਾਂ ਤਾਂ ਉਨ੍ਹਾਂ ਨੇ **ਇਸ ਦੇਸ ਦੇ ਲੋਕਾਂ** ਨਾਲ ਵਿਆਹ ਸ਼ਾਦੀਆਂ ਨਾ ਕਰਨ ਦਾ ਅਹਿਦ ਕੀਤਾ। ਸ਼ਰ੍ਹਾ ਵਿਚ ਇਨ੍ਹਾਂ ਵਿਆਹਾਂ ਦੀ ਮਨਾਹੀ ਨਸਲੀ ਅਧਾਰ ਤੇ ਨਹੀਂ ਬਲਕਿ ਧਾਰਮਿਕ ਆਧਾਰ ਤੇ ਸੀ (ਕੂਚ 34:12–16)। ਡੇਰੇਕ ਕਿਡਨਰ ਨੇ ਕਿਹਾ ਹੈ ਕਿ ''ਇਨ੍ਹਾਂ ਮੁਸ਼ਕਿਲ ਦਿਨਾਂ ਵਿਚ ਸਮਾਜਿਕ ਚੜ੍ਹਾਈ ਮੋਹ ਲੈਣ ਵਾਲੀ ਸੀ ਅਤੇ ਵਿਆਹ ਇਕ ਦਿਲਕਸ਼ ਪੌੜੀ ਦੀ ਪੇਸ਼ਕਸ਼ ਕਰਦਾ ਸੀ। ਮਲਾਕੀ (2:10–16), ਅਜ਼ਰਾ (9:1 ਤੋਂ) ਅਤੇ ਨਹਮਯਾਹ (13:23–29) ਸਭ ਨੂੰ ਇਹ ਮੁਸ਼ਕਿਲ ਆਈ ਪਰ ਉਨ੍ਹਾਂ ਨੇ ਇਸ ਦਾ ਸਾਹਮਣਾ ਵੱਖੋ ਵੱਖ ਤਰੀਕਿਆਂ ਨਾਲ ਮਜ਼ਬੂਤੀ ਨਾਲ ਕੀਤਾ।''[15]

ਨਾਲੇ, ਨੇਮ ਲਈ ਆਪਣੇ ਆਪ ਨੂੰ ਦੇਣ ਵਾਲਿਆਂ ਨੇ **ਸੱਬਤ ਦੇ ਦਿਨ** ਜਾਂ ਕਿਸੇ ਹੋਰ **ਪਵਿੱਤਰ ਦਿਨ** (ਇਹ ਮੰਨਦੇ ਹੋਏ ਕਿ ਕਿਸੇ ਵੀ ਅਜਿਹੇ ਦਿਨ ਜਦ ਉਹ ਸ਼ਰ੍ਹਾ ਵੱਲੋਂ ਦੱਸੇ ਗਏ ਪਰਬਾਂ ਨੂੰ ਮਨਾ ਰਹੇ ਹੋਣ) ਗੈਰਕੌਮਾਂ ਤੋਂ ਚੀਜ਼ਾਂ ਨਹੀਂ ਖਰੀਦਣੀਆਂ ਸਨ। ਮੂਸਾ ਦੀ ਸ਼ਰ੍ਹਾ ਵਿਚ ਸੱਬਤ ਵਾਲੇ ਦਿਨ ਖਰੀਦਣ ਅਤੇ ਵੇਚਣ ਦੀ ਕੋਈ ਸਾਫ਼–ਸਾਫ਼ ਮਨਾਹੀ ਨਹੀਂ ਸੀ, ਪਰ ਕੰਮ ਤੋਂ ਪਰਹੇਜ਼ ਕਰਨ ਦੀ ਸ਼ਰਤ ਦਾ ਮਤਲਬ ਇਹ ਹੋਵੇਗਾ ਕਿ ਯਹੂਦੀ ਲੋਕ ਸੱਬਤ ਵਾਲੇ ਦਿਨ ਆਪਣੀ ਉਪਜ ਨਹੀਂ ਵੇਚ ਸਕਦੇ ਸਨ (ਯਿਰਮਿਯਾਹ 17:21, 22; ਆਮੋਸ 8:5)। ਇਸ ਤੋਂ ਇਹ ਵੀ ਸੁਝਾਅ ਮਿਲਦਾ ਹੋਵੇਗਾ ਕਿ ਉਹ ਕਿਸੇ ਪਵਿੱਤਰ ਦਿਨ ਕੋਈ ਫ਼ਸਲ ਨਾ ਖਰੀਦਣ। ਇਸ ਹਾਲਤ ਵਿਚ ਜੋ ਕੁਝ ਸ਼ਰ੍ਹਾ ਵਿਚ ਗੁਪਤ

ਸੀ ਉਹ ਜ਼ਾਹਿਰ ਹੋ ਗਿਆ। ਇਸ ਦੇ ਨਾਲ ਹੀ ਇਹ ਆਇਤ ਇਸ ਨੂੰ ਵੀ ਸਪੱਸ਼ਟ ਕਰਦੀ ਹੈ ਕਿ ਬਹੁਤ ਸਾਰੇ ਗੈਰ–ਇਸਰਾਏਲੀ ਲੋਕ ਯਹੂਦੀਆਂ ਦੇ ਵਿਚਕਾਰ ਰਹਿੰਦੇ ਸਨ, ਕੰਮ ਕਰਦੇ ਸਨ ਅਤੇ ਉਨ੍ਹਾਂ ਨਾਲ ਕਾਰੋਬਾਰ ਕਰਦੇ ਸਨ।

ਇਸ ਤੋਂ ਬਾਅਦ ਸ਼ਰ੍ਹਾ ਨੂੰ ਮੰਨਣ ਦਾ ਅਹਿਦ ਕਰਨ ਵਾਲਿਆਂ ਨੇ **ਸੱਬਤ ਦਾ ਸਾਲ** ਦੀਆਂ ਬੰਦਸ਼ਾਂ ਨੂੰ ਮੰਨਣ ਅਤੇ ਸੱਬਤ ਦੇ ਵਰ੍ਹੇ ਆਪਣੀ ਫਸਲ ਇਕੱਠੀ ਨਾ ਕਰਨ ਦੀਆਂ ਬੰਦਸ਼ਾਂ ਨੂੰ ਮੰਨਣ ਦਾ ਵਾਅਦਾ ਕੀਤਾ (ਕੂਚ 23:10, 11; ਲੇਵੀਆਂ 25:2–7)। ਉਨ੍ਹਾਂ ਨੇ ਸੱਤ ਸਾਲਾਂ ਬਾਅਦ ਆਪਣੇ ਸਾਥੀ ਯਹੂਦੀਆਂ ਦਾ **ਹਰ ਬਿਆਜ** ਮਾਫ਼ ਕਰਨ ਦਾ ਅਹਿਦ ਵੀ ਕੀਤਾ (ਵੇਖੋ ਕੂਚ 21:2–6; ਬਿਵਸਥਾ ਸਾਰ 15:1–3)।

ਸੱਤਾਂ ਸਾਲਾਂ ਬਾਅਦ ਇਨ੍ਹਾਂ ਨਿਯਮਾਂ ਨੂੰ ਇਕ ਇਕ ਕਰਕੇ ਖ਼ਾਸ ਤੌਰ ਤੇ ਅੱਡ ਕਿਉਂ ਕੀਤਾ ਗਿਆ? ਕੋਈ ਆਖ ਸਕਦਾ ਹੈ ਕਿ ਯਹੂਦੀ ਲੋਕਾਂ ਨੂੰ ''ਪਛਾਣ ਦਾ ਖ਼ਤਰਾ'' ਸੀ। ''ਦੇਸ਼ ਦੇ ਲੋਕਾਂ'' ਵਿਚ ਘਿਰੇ ਉਨ੍ਹਾਂ ਉੱਤੇ ਖ਼ੁਦਾ ਦੀ ਪਰਜਾ ਦੇ ਰੂਪ ਵਿਚ ਆਪਣੀ ਨਵੇਕਲੀ ਪਛਾਣ ਨੂੰ ਗੁਆ ਬੈਠਣ ਦਾ ਖ਼ਤਰਾ ਸੀ। ਅੰਤਰ ਵਿਆਹ ਤੋਂ ਬਚ ਕੇ ਅਤੇ ਸੱਬਤ ਦੇ ਨਿਯਮਾਂ ਨੂੰ ਮੰਨ ਕੇ ਉਨ੍ਹਾਂ ਨੂੰ ਖ਼ੁਦਾ ਦੀ ਪਵਿੱਤਰ ਪਰਜਾ ਦੇ ਰੂਪ ਵਿਚ ਜਿਹੜੀ ਹੋਰ ਕਿਸੇ ਨਾਲੋਂ ਵੀ ਅੱਡ ਹੋਵੇ, ਆਪਣਾ ਵਜੂਦ ਬਣਾਈ ਰੱਖਣ ਵਿਚ ਮਦਦ ਮਿਲਣੀ ਸੀ।

ਹੈਕਲ ਦੀ ਮਦਦ ਕਰਨਾ (10:32-39)

**[32]ਅਤੇ ਅਸਾਂ ਆਪਣੇ ਉੱਪਰ ਇਕ ਫ਼ਰਜ਼ ਠਹਿਰਾਇਆ ਕਿ ਅਸੀਂ ਆਪਣੇ ਪਰਮੇਸ਼ੁਰ ਦੇ ਭਵਨ
ਦੀ ਉਪਾਸਨਾ ਲਈ ਹਰ ਸਾਲ ਸ਼ਕਲ ਦਾ ਤੀਜਾ ਹਿੱਸਾ ਦਿਆ ਕਰਾਂਗੇ [33]ਉਹ ਚੜ੍ਹਤ ਦੀ ਰੋਟੀ ਅਰ
ਨਿੱਤਾ ਨੇਮ ਮੈਦੇ ਦੀਆਂ ਭੇਟਾਂ ਅਤੇ ਸਦਾ ਲਈ ਹੋਮ ਦੀਆਂ ਬਲੀਆਂ ਅਰ ਸੱਬਤਾਂ ਅਰ ਅਮੱਸਿਆਂ
ਅਤੇ ਮੁਕੱਰਰ ਪਰਬਾਂ ਅਤੇ ਪਵਿੱਤਰ ਚੀਜ਼ਾਂ ਅਤੇ ਪਾਪਾਂ ਦੀਆਂ ਬਲੀਆਂ ਜਿਹੜੀਆਂ ਇਸਰਾਏਲ ਦੇ
ਪਰਾਸਚਿਤ ਲਈ ਹਨ ਅਤੇ ਪਰਮੇਸ਼ੁਰ ਦੇ ਭਵਨ ਦੇ ਸਾਰੇ ਕੰਮ ਲਈ ਵੀ ਹਨ [34]ਅਤੇ ਅਸਾਂ ਜਾਜਕਾਂ
ਅਰ ਲੇਵੀਆਂ ਅਤੇ ਲੋਕਾਂ ਦੇ ਵਿਚ ਲੱਕੜੀ ਦੇ ਚੜ੍ਹਾਵੇ ਲਈ ਗੁਣੇ ਪਾਏ ਤਾਂ ਜੋ ਉਹ ਸਾਡੇ ਪਰਮੇਸ਼ੁਰ
ਦੇ ਭਵਨ ਵਿਚ ਸਾਡੇ ਪਿਉ ਦਾਦਿਆਂ ਦੇ ਘਰਾਣਿਆਂ ਅਨੁਸਾਰ ਵਰ੍ਹੇ ਦੇ ਵਰ੍ਹੇ ਠਹਿਰਾਏ ਹੋਏ ਸਮੇਂ ਉੱਤੇ
ਯਹੋਵਾਹ ਸਾਡੇ ਪਰਮੇਸ਼ੁਰ ਦੀ ਜਗਵੇਦੀ ਉੱਤੇ ਬਾਲਣ ਲਈ ਲਿਆਂਦੀ ਜਾਵੇ ਜਿਵੇਂ ਬਿਵਸਥਾ ਵਿਚ
ਲਿਖਿਆ ਹੋਇਆ ਹੈ [35]ਅਤੇ ਆਪਣੀ ਭੌਂ ਦੇ ਪਹਿਲੇ ਫਲ ਅਤੇ ਸਾਰੇ ਬਿਰਛਾਂ ਦੇ ਸਾਰੇ ਪਹਿਲੇ ਫਲ
ਵਰ੍ਹੇ ਦੇ ਵਰ੍ਹੇ ਯਹੋਵਾਹ ਦੇ ਭਵਨ ਵਿਚ ਲਿਆਉਣ [36]ਅਤੇ ਆਪਣੇ ਪੁੱਤਰਾਂ ਵਿੱਚੋਂ ਪਲੋਠੇ ਅਤੇ ਪਸੂਆਂ
ਵਿੱਚੋਂ ਪਲੋਠੇ ਜਿਵੇਂ ਬਿਵਸਥਾ ਵਿਚ ਲਿਖਿਆ ਹੈ ਅਤੇ ਆਪਣੇ ਚੌਣੇ ਅਤੇ ਆਪਣੇ ਇੱਜੜ ਦੇ ਪਲੋਠੇ
ਪਰਮੇਸ਼ੁਰ ਦੇ ਭਵਨ ਵਿਚ ਜਾਜਕਾਂ ਕੋਲ ਜਿਹੜੇ ਪਰਮੇਸ਼ੁਰ ਦੇ ਘਰ ਵਿਚ ਟਹਿਲ ਸੇਵਾ ਕਰਦੇ ਸਨ
ਲਿਆਉਣ [37]ਆਪਣੀ ਤੌਣ ਦਾ ਪਹਿਲਾ ਪੇੜਾ ਅਤੇ ਆਪਣੀਆਂ ਚੁਕਵੀਆਂ ਭੇਟਾਂ ਅਤੇ ਬਿਰਛਾਂ ਦੇ
ਹਰ ਪਰਕਾਰ ਦੇ ਫਲ ਅਰ ਮੈ ਅਤੇ ਤੇਲ ਅਤੇ ਆਪਣੇ ਪਰਮੇਸ਼ੁਰ ਦੇ ਭਵਨ ਦੀਆਂ ਕੋਠੜੀਆਂ ਵਿਚ
ਜਾਜਕਾਂ ਲਈ ਅਤੇ ਆਪਣੀ ਭੌਂ ਦਾ ਦਸਵੰਧ ਲੇਵੀਆਂ ਲਈ ਲਿਆਵਾਂਗੇ ਕਿਉਂਕਿ ਲੇਵੀ ਸਾਡੀ ਵਾਹੀ
ਦੇ ਸਾਰਿਆਂ ਸ਼ਹਿਰਾਂ ਵਿਚ ਦਸਵੰਧ ਲੈਂਦੇ ਹਨ [38]ਅਤੇ ਜਦ ਜਦ ਲੇਵੀ ਦਸਵੰਧ ਲੈਣ ਤਾਂ ਹਾਰੂਨ ਦੀ
ਵੰਸ ਦਾ ਜਾਜਕ ਲੇਵੀਆਂ ਦੇ ਨਾਲ ਹੋਵੇ ਅਤੇ ਲੇਵੀ ਦਸਵੰਧ ਦਾ ਦਸਵੰਧ ਸਾਡੇ ਪਰਮੇਸ਼ੁਰ ਦੇ ਭਵਨ
ਵਿਚ ਅਤੇ ਭੰਡਾਰ ਦੀਆਂ ਕੋਠੜੀਆਂ ਵਿਚ ਲਿਆਉਣ [39]ਕਿਉਂਕਿ ਇਸਰਾਏਲੀ ਅਤੇ ਲੇਵੀਆਂ ਦੀ
ਵੰਸ ਅੰਨ ਅਤੇ ਨਵੀਂ ਮੈ ਅਤੇ ਤੇਲ ਦੀਆਂ ਚੁਕਵੀਆਂ ਭੇਟਾਂ ਉਨ੍ਹਾਂ ਕੋਠੜੀਆਂ ਵਿਚ ਲਿਆਉਣ ਜਿੱਥੇ
ਪਵਿੱਤਰ ਭਾਂਡੇ ਅਤੇ ਜਾਜਕ ਜਿਹੜੇ ਟਹਿਲ ਸੇਵਾ ਕਰਦੇ ਹਨ ਅਤੇ ਦਰਬਾਨ ਅਤੇ ਰਾਗੀ ਸਨ ਸੋ ਅਸੀਂ**

ਆਪਣੇ ਪਰਮੇਸ਼ੁਰ ਦੇ ਭਵਨ ਨੂੰ ਨਹੀਂ ਤਿਆਗਾਂਗੇ।

ਲੋਕਾਂ ਵੱਲੋਂ ਨੇਮ ਨੂੰ ਮੰਨਣ ਲਈ ਆਪਣੇ ਆਪ ਨੂੰ ਸਮਰਪਤ ਕਰਨ ਤੇ ਜਿਨ੍ਹਾਂ ਹੋਰ ਨਿਯਮਾਂ ਨੇ ਸਾਫ਼ ਧਿਆਨ ਖਿੱਚਿਆ, ਉਹ ਹੈਕਲ ਦੀਆਂ ਸੇਵਾਵਾਂ ਅਤੇ ਅਹੁਦੇਦਾਰਾਂ ਦੀ ਮਦਦ ਲਈ ਉਨ੍ਹਾਂ ਦੇ ਫ਼ਰਜ਼ ਸਨ। ਇਨ੍ਹਾਂ ਆਇਤਾਂ ਵਿਚ ਖ਼ੁਦਾ ਦੀ ਸ਼ਰ੍ਹਾ ਅਤੇ ''ਪਰਮੇਸ਼ੁਰ ਦੇ ਭਵਨ'' ਦੇ ਦੋ ਵਿਚਾਰਾਂ ਤੇ ਜ਼ੋਰ ਦਿੱਤਾ ਗਿਆ ਹੈ। ਲੋਕਾਂ ਨੇ ਬਿਲਕੁਲ ਉਵੇਂ ਕਰਨ ਦਾ ਅਹਿਦ ਕੀਤਾ ''ਜਿਵੇਂ ਵਿਵਸਥਾ ਵਿਚ ਲਿਖਿਆ ਹੋਇਆ ਹੈ'' (10:34, 36)। ਹੈਕਲ ਲਈ ਭਵਨ ਸ਼ਬਦ ਅਧਿਆਇ ਵਿਚ ਪਿਛਲੀਆਂ ਅੱਠ ਆਇਤਾਂ ਵਿਚ ਨੌਂ ਵਾਰੀ ਆਇਆ ਹੈ। ਇਹ ਪੈਰ੍ਹੇ ਵਿਚ ''ਸਾਡੇ ਪਰਮੇਸ਼ੁਰ ਦੀ ਜਗਵੇਦੀ'' ਦੀ ਗੱਲ ਵੀ ਹੈ (10:34)। ਯਹੂਦੀ ਲੋਕ ਖ਼ੁਦਾ, ਉਸ ਦੀ ਸ਼ਰ੍ਹਾ, ਉਸ ਦੀ ਹੈਕਲ ਅਤੇ ਆਪਣੀਆਂ ਨਿੱਜੀ ਅਤੇ ਸਮਾਜਿਕ ਜ਼ਿੰਦਗੀਆਂ ਵਿਚ ਉਸ ਦੀਆਂ ਕੁਰਬਾਨੀਆਂ ਨੂੰ ਪਹਿਲ ਦੇਣ ਦਾ ਵਾਅਦਾ ਕਰ ਰਹੇ ਸਨ।

ਆਇਤਾਂ 32, 33. ਲੋਕਾਂ ਨੇ ਇਹ ਆਖਦਿਆਂ ਕਿ **ਅਸਾਂ ਆਪਣੇ ਉੱਪਰ ਇਕ ਫ਼ਰਜ਼ ਠਹਿਰਾਇਆ**, ਆਪਣੀ ਵਚਨਬੱਧਤਾ ਨੂੰ ਅੱਗੇ ਜਾਰੀ ਰੱਖਿਆ (10:32)। ਹੋਰ ਸ਼ਾਬਦਿਕ ਅਨੁਵਾਦ ਹੋ ਸਕਦਾ ਹੈ ''ਅਸੀਂ ਆਪਣੇ ਉੱਤੇ ਉਪਮਾ ਨੂੰ ਲਾਗੂ ਕਰ ਲਿਆ।'' ਪਰ ਇਸ ਤੋਂ ਇਹ ਨਿਚੋੜ ਨਹੀਂ ਕੱਢਿਆ ਜਾਣਾ ਚਾਹੀਦਾ ਕਿ ਜਿਨ੍ਹਾਂ ਹੁਕਮਾਂ ਦੀ ਗੱਲ ਕੀਤੀ ਗਈ ਹੈ ਉਹ ਇਸ ਮੌਕੇ ਤੇ ਯਹਦੀਆਂ ਦੇ ਆਪਣੇ ਸਨ। ਲੱਕੜ ਲਿਆਉਣ ਦੀ ਵਚਨਬੱਧਤਾ ਨੂੰ ਛੱਡ ਕੇ ਹੋਰ ਸਾਰੇ ਦੇ ਸਾਰੇ ਹੁਕਮ ਮੂਸਾ ਦੀ ਸ਼ਰ੍ਹਾ ਵਿਚ ਮਿਲਦੇ ਹਨ। ਇਸ ਦੇ ਉਲਟ ਲੋਕ ਆਖ ਰਹੇ ਸਨ ਕਿ ਉਨ੍ਹਾਂ ਨੇ ਖ਼ੁਦਾ ਦੇ ਹੁਕਮਾਂ ਨੂੰ ਮੰਨਣ ਦਾ ਜ਼ਿੰਮਾ ਆਪਣੇ ਉੱਤੇ ਲੈ ਲਿਆ। ਇਸ ਭਾਵ ਦਾ ਵਿਸ਼ਾ ਆਖ਼ਰੀ ਆਇਤ ਵਿਚ ਮਿਲਦਾ ਹੈ ਕਿ ''ਅਸੀਂ ਆਪਣੇ ਪਰਮੇਸ਼ੁਰ ਦੇ ਭਵਨ ਨੂੰ ਨਹੀਂ ਤਿਆਗਾਂਗੇ'' (10:39)। ਕੀਤੇ ਗਏ ਵਾਅਦੇ ਇਹ ਯਕੀਨੀ ਬਣਾਉਣ ਲਈ ਸਨ ਕਿ ਹੈਕਲ ਲਈ ਇੰਤਜ਼ਾਮ ਕੀਤਾ ਜਾਵੇ। ਖ਼ੁਦਾ ਦੇ ਘਰ ਦੀ ਬੇਪਰਵਾਹੀ ਨਹੀਂ ਹੋਣੀ ਸੀ ਜੇ ਕੁਝ ਸ਼ਰਤਾਂ ਪੂਰੀਆਂ ਹੋ ਜਾਂਦੀਆਂ।

ਹੈਕਲ ਦਾ ਇਕ ਸਾਲਾਨਾ ਜਜ਼ੀਆ ਦਿੱਤਾ ਜਾਣਾ ਸੀ। ਇਹ ਸਾਲਾਨਾ ਜਜ਼ੀਆ ਉਸ ਤੋਂ ਲਿਆ ਗਿਆ ਸੀ ਜਿਹੜਾ ਜ਼ਾਹਿਰ ਤੌਰ ਤੇ ਕੂਚ 30:11–16 ਵਿਚ ਮੂਸਾ ਵੱਲੋਂ ਲਾਇਆ ਗਿਆ ਇਕ ਵਾਰੀ ਦਾ ਕਰ ਸੀ (ਵੇਖੋ ਕੂਚ 38:25, 26)। ਜਿਹੜਾ ਉਸ ਸਮੇਂ ਇਕ ਵਾਰੀ ਦਿੱਤਾ ਜਾਣਾ ਸੀ ਹੁਣ ਉਹ **ਹਰ ਸਾਲ** ਦਿੱਤਾ ਜਾਣਾ ਸੀ। ਇਹ ਸੰਭਵ ਤੌਰ ਤੇ ਹਰ ਇਸਰਾਏਲੀ ਉੱਤੇ ਲਾਇਆ ਗਿਆ ਸਾਲਾਨਾ ਕਰ ਸੀ। ਇਹ ਕਰ 70 ਈਸਵੀ ਵਿਚ ਰੋਮੀਆਂ ਵੱਲੋਂ ਯਰੂਸ਼ਲਮ ਨੂੰ ਬਰਬਾਦ ਕਰਨ ਤਕ ਲਿਆ ਜਾਂਦਾ ਰਿਹਾ। ਮਸੀਹ ਨੇ ਆਪ ਵੀ ਦੇ ਕੇ ਇਸ ਕਰ ਦਾ ਸਮਰਥਨ ਕੀਤਾ (ਵੇਖੋ ਮੱਤੀ 17:24–27)।[16]

ਸ਼ੁਰੂ ਵਿਚ, ਕੂਚ 30 ਵਿਚ ਇਹ ਰਕਮ **ਸ਼ਕਲ ਦਾ ਤੀਜਾ ਹਿੱਸਾ** ਨਾਲੋਂ ਜਿਸਦਾ ਵਾਅਦਾ 10:32 ਵਿਚ ਕੀਤਾ ਸੀ, ਅੱਧਾ ਸ਼ਕਲ ਸੀ। ਇਸ ਫ਼ਰਕ ਨੂੰ ਕਈ ਤਰੀਕਿਆ ਨਾਲ ਸਮਝਾਇਆ ਗਿਆ ਹੈ। ਸ਼ਾਇਦ ਸਭ ਤੋਂ ਵਧੀਆ ਅੰਦਾਜ਼ਾ ਇਹ ਹੈ ਕਿ ਸ਼ਕਲ ਦਾ ਵਜ਼ਨ ਸਮੇਂ ਦੇ ਨਾਲ ਬਦਲਦਾ ਰਿਹਾ ਅਤੇ ਇਸ ਕਾਲ ਦੌਰਾਨ ਸ਼ਕਲ ਦਾ ਤੀਜਾ ਹਿੱਸਾ ਉਸ ਦੇ ਬਰਾਬਰ ਹੀ ਸੀ ਜਿਹੜਾ ਪਹਿਲਾਂ ਅੱਧੇ ਸ਼ਕਲ ਦਾ ਹੁੰਦਾ ਸੀ।[17]

ਇਸ ਕਰ ਦੀ ਵਰਤੋਂ ਹੈਕਲ ਦੇ ਖਰਚੇ ਚੁਕਾਉਣ ਵਿਚ ਮਦਦ ਲਈ ਕੀਤੀ ਜਾਂਦੀ ਸੀ ਕਿਉਂ ਜੋ **ਚੜ੍ਹਤ ਦੀ ਰੋਟੀ** ਅਤੇ **ਨਿੱਤਾ ਨੇਮ ਮੈਦੇ ਦੀ ਭੇਟਾਂ** (ਜਿਹੜੀਆਂ ਰੋਜ਼ ਦਿੱਤੀਆਂ ਜਾਂਦੀਆਂ ਸਨ), ਸੱਬਤਾਂ ਅਤੇ **ਨਵੇਂ ਅਮਸਿਆਂ** (ਮਹੀਨੇ ਵਾਰ ਪਰਬ) ਅਤੇ **ਮੁਕੱਰਰ ਪਰਬਾਂ** (ਸਾਲਾਂ ਪਰਬਾਂ) ਨੂੰ ਮਨਾਉਣ ਦਾ ਖਰਚਾ **ਪਵਿੱਤਰ ਚੀਜ਼ਾਂ** ਅਤੇ **ਪਾਪਾਂ ਦੀਆਂ ਬਲੀਆਂ** ਦਾ ਖ਼ਰਚਾ ਅਤੇ ਹੈਕਲ ਦੇ **ਕੰਮ** ਵਿਚ ਲੱਗਣ ਵਾਲੇ ਹੋਰ ਖਰਚੇ ਹੁੰਦੇ ਸਨ। ਜੇ ਲੋਕ ਇਹ ਕਰ ਨਾ ਦਿੰਦੇ ਤਾਂ ਹੈਕਲ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਬੰਦ ਹੋ ਜਾਂਦੀਆਂ।

ਆਇਤ 34. *ਲੋਕਾਂ ਨੇ ਲੱਕੜ ਮੁਹੱਈਆ ਕਰਵਾਉਣੀ ਹੁੰਦੀ ਸੀ ਜਿਸ ਨਾਲ ਹੈਕਲ ਵਿਚ ਭੇਟਾਂ ਚੜ੍ਹਾਈਆਂ ਜਾਣੀਆਂ ਹੁੰਦੀਆਂ ਸਨ।* ਸ਼ਰ੍ਹਾ ਵਿਚ ਇਹ ਸ਼ਰਤ ਸੀ ਕਿ ''ਜਗਵੇਦੀ ਦੇ ਉੱਤੇ ਜਿਹੜੀ ਅੱਗ ਹੈ ਉਹ ... ਬਲਦੀ ਰਹੇ'' (ਲੇਵੀਆਂ 6:12, 13) ਪਰ **ਜਗਵੇਦੀ** ਉੱਤੇ ਬਾਲੀ ਜਾਣ ਵਾਲੀ ਅੱਗ ਲਈ **ਲੱਕੜੀ** ਲਈ ਕੋਈ ਇੰਤਜ਼ਾਮ ਨਹੀਂ ਸੀ। ਸਮਝੌਤੇ ਦੇ ਇਸ ਹਿੱਸੇ ਵਿਚ ਇਹ ਯਕੀਨੀ ਬਣਾਇਆ ਗਿਆ ਕਿ ਯਾਜਕਾਂ ਨੂੰ ਜਗਵੇਦੀ ਉੱਤੇ ਦਿੱਤੀਆਂ ਜਾਣ ਵਾਲੀਆਂ ਬਲੀਆਂ ਨੂੰ ਸਾੜਨ ਲਈ ਅੱਗ ਦੀ ਕਦੇ ਘਾਟ ਨਾ ਪਵੇ। ਲੱਕੜ ਮੁਹੱਈਆ ਕਰਵਾਉਣਾ ਇਹ ਯਕੀਨੀ ਬਣਾਉਣ ਲਈ ਜ਼ਰੂਰੀ ਸੀ ਕਿ ਸ਼ਰ੍ਹਾ ਦੀਆਂ ਸ਼ਰਤਾਂ ਨੂੰ ਪੂਰਾ ਕੀਤਾ ਜਾ ਸਕੇ ਅਤੇ ਜਗਵੇਦੀ ਨਾਲ ਜੁੜੀ ਹਰ ਚੀਜ਼ ਬਿਲਕੁਲ ਉਵੇਂ ਹੋਵੇ **ਜਿਵੇਂ ਬਿਵਸਥਾ ਵਿਚ ਲਿਖਿਆ ਹੋਇਆ ਹੈ**।

ਇਹ ਤੈਅ ਕਰਨ ਲਈ **ਵਰ੍ਹੇ ਦੇ ਵਰ੍ਹੇ** ਲੱਕੜ ਲਿਆਉਣ ਦਾ ਕੰਮ ਕੌਣ ਕਰੇ, ਲੋਕ **ਗੁਣੇ** ਪਾਉਣ ਲਈ ਸਹਿਮਤ ਹੋ ਗਏ।[18] ਉਦਾਹਰਣ ਲਈ, ਸਾਫ਼ ਤੌਰ ਤੇ ਇਹ ਤੈਅ ਕਰਨ ਲਈ ਕਿ ਕਿਹੜਾ ਗੁੱਟ, ਸਾਲ ਦੇ ਪਹਿਲੇ ਮਹੀਨੇ ਹੈਕਲ ਲਈ ਲੱਕੜੀ ਲਿਆਵੇਗਾ (ਜਾਂ ਸ਼ਾਇਦ ਕਿਸੇ ਖ਼ਾਸ ਪਰਬ ਲਈ) ਅਤੇ ਕਿਹੜਾ ਗੁੱਟ ਅਗਲੇ ਮਹੀਨੇ ਲਈ ਲਿਆਵੇਗਾ, ਗੁਣੇ ਪਾਏ ਜਾਂਦੇ ਸਨ। ਪ੍ਰਾਚੀਨ ਯਹੂਦੀ ਅਧਿਕਾਰੀਆਂ ਦੇ ਮੁਤਾਬਕ (ਜੋਸੇਫ਼ਸ ਅਤੇ ਮਿਸ਼ਨਾ), ਜ਼ਾਹਿਰ ਤੌਰ ਤੇ ਇਸ ਨਿਯਮ ਦੇ ਅਧਾਰ ਤੇ, ਯਹੂਦੀ ਲੋਕ ''ਲੱਕੜ ਲਿਆਉਣ ਦਾ ਪਰਬ'' ਮਨਾਉਂਦੇ ਸਨ, ਜਦ ਹਰ ਕਿਸੇ ਨੂੰ ਜਗਵੇਦੀ ਦੀ ਲੱਕੜੀ ਲਿਆਉਣੀ ਜ਼ਰੂਰੀ ਹੁੰਦੀ ਸੀ। ਮਿਸ਼ਨਾ ਵਿਚ ਸੰਕੇਤ ਦਿੱਤਾ ਗਿਆ ਹੈ ਕਿ ਅਜਿਹਾ ਸਾਲ ਵਿਚ ਨੌਂ ਵਾਰੀ ਹੁੰਦਾ ਸੀ।[19]

ਆਇਤਾਂ 35-38. *ਸਭ ਨੇ ਖ਼ੁਦਾ ਦੇ ਘਰ ਵਿਚ ਆਪਣੀ ਪਹਿਲੀ ਅਤੇ ਸਭ ਤੋਂ ਵਧੀਆ ਚੀਜ਼ ਲਿਆਉਣੀ ਹੁੰਦੀ ਸੀ।* ਸ਼ਰ੍ਹਾ ਵਿਚ ਇਸਰਾਏਲੀਆਂ ਲਈ ਆਪਣੀ ਵਾਢੀ ਦੇ **ਪਹਿਲੇ ਫਲ ਯਹੋਵਾਹ** ਦੇ ਅੱਗੇ ਲਿਆਉਣੇ ਜ਼ਰੂਰੀ ਸਨ। ਇੱਥੇ ਯਹੂਦੀ ਲੋਕ **ਜਾਜਕਾਂ** ਦੀ ਮਦਦ ਲਈ ਸਭ ਕਾਸੇ ਦਾ ਪਹਿਲਾ ਹਿੱਸਾ ਭਾਵ ਆਪਣੀ ਫਸਲ, ਆਪਣੇ **ਫਲ** ਆਪਣੇ **ਪੁੱਤਰਾਂ**, ਅਤੇ ਆਪਣੇ ਮਾਲ−ਡੰਗਰ ਵਿੱਚੋਂ ਰਾਜ਼ੀ ਹੋ ਗਏ।[20] ਸ਼ਰ੍ਹਾ ਵਿਚ ਕਿਹਾ ਗਿਆ ਸੀ ਕਿ ਇਸਰਾਏਲੀਆਂ ਦੇ ਪੁੱਤਰਾਂ ਵਿੱਚੋਂ ਪਹਿਲੌਠੇ ਯਹੋਵਾਹ ਦੇ ਹਨ, ਪਰ ਇਹ ਵੀ ਕਿਹਾ ਗਿਆ ਸੀ ਕਿ ਲੋਕਾਂ ਲਈ ਯਾਜਕਾਂ ਵਾਸਤੇ ਕੁਝ ਰਕਮ ਦੇ ਕੇ ਆਪਣੇ ਪਹਿਲੌਠੇ ਨੂੰ ਛੁਡਾਉਣਾ ਜ਼ਰੂਰੀ ਹੁੰਦਾ ਸੀ। ਇਸੇ ਤਰ੍ਹਾਂ ਅਸ਼ੁੱਧ ਜਾਨਵਰਾਂ ਦੇ ਪਹਿਲੌਠੇ ਨੂੰ ਛੁਡਾਉਣਾ ਹੁੰਦਾ ਸੀ ਜਦ ਕਿ ਸ਼ੁੱਧ ਜਾਨਵਰਾਂ ਦੇ ਪਹਿਲੌਠੇ ਨੂੰ ਯਹੋਵਾਹ ਅੱਗੇ ਕੁਰਬਾਨੀ ਦੇ ਰੂਪ ਵਿਚ ਭੇਟ ਕੀਤਾ ਜਾਂਦਾ ਸੀ (ਗਿਣਤੀ 18:15−17)।

ਲੋਕਾਂ ਨੇ **ਆਪਣੀ ਤੌਣ ਦਾ ਪਹਿਲਾ ਪੇੜਾ, ਆਪਣੀਆਂ ਚੁਕਵੀਆਂ ਭੇਟਾਂ ਅਤੇ ਬਿਰਛਾਂ ਦੇ ਹਰ ਪਰਕਾਰ ਦੇ ਫਲ ਅਰ ਮੈ ਅਤੇ ਤੇਲ** ਯਾਜਕਾਂ ਲਈ ਦੇਣ ਦੀ ਸਹੁੰ ਵੀ ਖਾਧੀ। ਕਲਾਈਨਜ਼ ਦੇ ਮੁਤਾਬਕ ਇਸ ਵਾਅਦੇ ਵਿਚ ''ਯਾਜਕਾਈ ਵਰਤੋਂ ਲਈ ਵੱਖਰੀਆਂ ਭੇਟਾਂ (ਗਿਣਤੀ 18:12; ਬਿਵਸਥਾ ਸਾਰ 18:4; ਤੁਲਨਾ ਹਿਜ਼ਕੀਏਲ 44:30)'' ਸ਼ਾਮਿਲ ਸਨ, ਜਿਸ ਵਿਚ ''ਵਧੀਆ ਜਾਂ ਪਸੰਦੀਦਾ ਭੋਜਨ, ਪਹਿਲੇ ਫਲਾਂ ਨਾਲੋਂ ਇਸ ਗੱਲ ਵਿਚ ਫ਼ਰਕ ਸੀ ਕਿ ਇਹ ਪਹਿਲੇ ਫਲਾਂ ਵਾਂਗ ਕੱਚਾ ਨਹੀਂ ਹੈ ਬਲਕਿ ਕਿਸੇ ਤਰ੍ਹਾਂ ਨਾਲ ਤਿਆਰ ਕੀਤਾ ਗਿਆ ਹੁੰਦਾ ਸੀ।'' ''ਤੌਣ'' ਮੂਲ ਵਿਚ, ''ਕੱਚਾ ਖਾਣਾ'' ''ਪਿਸਿਆ ਅਨਾਜ'' ਜਾਂ ''ਕਿਸੇ ਤਰ੍ਹਾਂ ਦੀ ਰੋਟੀ'' ਹੋ ਸਕਦਾ ਹੈ। ਸਾਧਾਰਣ ਸ਼ਬਦ ''ਭੇਟਾਂ'' ਵਿਚ ਉਹ ਸਾਰੇ ਦਾਨ ਆ ਜਾਂਦੇ ਹਨ ਜਿਹੜੇ ਸੂਚੀ ਵਿਚ ਸ਼ਾਮਿਲ ਨਹੀਂ ਸਨ।[21]

ਲੋਕਾਂ ਲਈ ਲੇਵੀਆਂ ਲਈ ਇੰਤਜ਼ਾਮ ਕਰਨ ਲਈ ਦਸਵੰਧ ਦੇਣਾ ਜ਼ਰੂਰੀ ਸੀ। ਵਾਢੀ ਦੇ ਪਹਿਲੇ ਫਲ ਲਿਆਉਣ ਦੇ ਅਹਿਦ ਦੇ ਨਾਲ ਨਾਲ ਯਹੂਦੀਆਂ ਨੇ ਫਸਲ ਦਾ **ਦਸਵੰਧ** (ਦਸਵਾਂ ਹਿੱਸਾ ਜਾਂ ਦਸ ਫ਼ੀਸਦ) **ਲੇਵੀਆਂ** ਨੂੰ ਦੇਣ ਦਾ ਵਾਅਦਾ ਕੀਤਾ। ਸ਼ਰ੍ਹਾ ਵਿਚ ਲੇਵੀਆਂ ਨੂੰ ਇਹ ਦਸਵੰਧ ਜ਼ਮੀਨ ਦੇ ਇਵਜ਼ ਵਿਚ ਦਿੱਤਾ ਗਿਆ ਸੀ। ਬਾਕੀ ਦੇ ਇਸਰਾਏਲੀਆਂ ਨੂੰ ਆਪਣੇ ਗੁਜ਼ਾਰੇ ਲਈ ਜ਼ਮੀਨ

ਮਿਲੀ ਸੀ ਅਤੇ ਉਨ੍ਹਾਂ ਨੇ ਆਪਣੀ ਫ਼ਸਲ ਵਿੱਚੋਂ ਲੇਵੀਆਂ ਨੂੰ ਦਸਵਾਂ ਹਿੱਸਾ ਦੇ ਕੇ ਉਨ੍ਹਾਂ ਦੀ ਮਦਦ ਕਰਨੀ ਹੁੰਦੀ ਸੀ (ਗਿਣਤੀ 18:20–24)। ਸ਼ਾਇਦ ਇਹ ਯਕੀਨੀ ਬਣਾਉਣ ਲਈ ਕਿ ਯਾਜਕਾਂ ਨੂੰ ਵੀ ਉਹ ਮਦਦ ਮਿਲੇ ਜਿਸ ਦੇ ਉਹ ਹੱਕਦਾਰ ਸਨ **ਜਾਜਕ** ਉਦੋਂ ਮੌਜੂਦ ਹੋਣਾ ਹੁੰਦਾ ਸੀ ਜਦੋਂ ਲੋਕਾਂ ਵੱਲੋਂ **ਲੇਵੀਆਂ** ਕੋਲ ਆਪਣੇ **ਦਸਵੰਧ** ਲਿਆਉਣ ਵੇਲੇ ਯਾਜਕਾਂ ਨੂੰ ਉੱਥੇ ਮੌਜੂਦ ਹੋਣਾ ਹੁੰਦਾ ਸੀ (ਗਿਣਤੀ 18:25–28)।

ਲੇਵੀਆਂ ਵੱਲੋਂ **ਸਾਰਿਆਂ ਸ਼ਹਿਰਾਂ ਵਿਚ** ਆਪਣੇ ਦਸਵੰਧ ਲੈਣ ਦਾ ਕੀ ਮਤਲਬ ਹੈ? ਇਕ ਸੰਭਾਵਨਾ ਇਹ ਹੈ ਕਿ ਨਹਮਯਾਹ ਨੇ ਇਕ ਨਵੀਂ ਰੀਤ ਠਹਿਰਾਈ ਸੀ। ਪਹਿਲਾਂ ਦਸਵੰਧ ਹੈਕਲ ਵਿਚ ਲਿਆਏ ਜਾਂਦੇ ਸਨ, ਪਰ ਹੁਣ ਲੇਵੀਆਂ ਨੇ ਉਨ੍ਹਾਂ ਨੂੰ ਇਕੱਠੇ ਕਰਨ ਲਈ ‘‘ਸਾਰਿਆਂ ਸ਼ਹਿਰਾਂ ਵਿਚ’’ ਜਾਣਾ ਸੀ। ਇਹ ਹੋ ਸਕਦਾ ਹੈ ਕਿ ਇਹ ਹਾਕਮ ‘‘ਫ਼ਾਰਸੀ ਦਰਬਾਰ ਤੋਂ ਕਰ ਇਕੱਠਾ ਕਰਨ ਦੀਆਂ ਰੀਤਾਂ ਨੂੰ ਅਪਣਾ ਰਿਹਾ’’ ਸੀ।[22]

ਲੇਵੀਆਂ ਨੇ ਬਦਲੇ ਵਿਚ ਉਨ੍ਹਾਂ ਨੂੰ ਮਿਲੇ ਦਸਵੰਧ ਦਾ ਦਸਵੰਧ ਯਾਜਕਾਂ ਨੂੰ ਦੇਣਾ ਹੁੰਦਾ ਸੀ। ਯਾਜਕਾਂ ਦਾ ਗੁਜ਼ਾਰਾ ਹੈਕਲ ਵਿਚ ਕੰਮ ਕਰਨ ਨਾਲ ਹੁੰਦਾ ਸੀ ਇਸ ਕਰਕੇ ਸ਼ਰ੍ਹਾ ਵਿਚ **ਲੇਵੀਆਂ** ਲਈ ਕਿਹਾ ਗਿਆ ਸੀ ਕਿ ਉਨ੍ਹਾਂ ਨੂੰ ਮਿਲੇ **ਦਸਵੰਧ ਦਾ ਦਸਵੰਧ** ਉਹ ਯਾਜਕਾਂ ਨੂੰ ਦੇਣ।

ਆਇਤ 39. *ਲੇਵੀਆਂ ਅਤੇ ਯਾਜਕਾਂ ਨੂੰ ਮਿਲੀਆਂ ਚੀਜ਼ਾਂ ਹੈਕਲ ਦੀਆਂ ਕੋਠੜੀਆਂ ਵਿਚ ਰੱਖੀਆਂ ਜਾਣੀਆਂ ਹੁੰਦੀਆਂ ਸਨ।* ਇਹ ਸੰਕੇਤ ਦਿੰਦਿਆਂ ਕਿ ਹੈਕਲ ਅਤੇ ਯਾਜਕਾਂ ਦੀਆਂ **ਭੇਟਾਂ** (**ਅੰਨ**, **ਨਵੀਂ ਮੈ** ਅਤੇ **ਤੇਲ**) **ਕੋਠੜੀਆਂ** (‘‘ਭੰਡਾਰ ਦੀਆਂ ਕੋਠੜੀਆਂ’’; 10:38) ਵਿਚ ਕਿੱਥੇ ਰੱਖੀਆਂ ਜਾਣੀਆਂ ਸਨ, ਇਕ ਵਿਹਾਰਕ ਨੋਟ ਨਾਲ ਖ਼ਤਮ ਹੋਇਆ। ਹੈਕਲ ਦੇ ਇਸ ਹਿੱਸੇ ਵਿਚ ਹੈਕਲ ਦੇ ਸਭ ਅਹੁਦੇਦਾਰਾਂ ਵੱਲੋਂ ਵਰਤੇ ਜਾਣ ਵਾਲੇ **ਭਾਂਡੇ** ਵੀ ਰੱਖੇ ਜਾਂਦੇ ਸਨ।

ਫੇਰ, ਕੋਈ ਪੁੱਛ ਸਕਦਾ ਹੈ ਕਿ ‘‘ਕਿਉਂ?’’ ਜਦ ਯਹੂਦੀਆਂ ਨੇ ਯਹੋਵਾਹ ਨਾਲ ਆਪਣੀ ਵਚਨਬੱਧਤਾ ਨੂੰ ਨਵੇਂ ਸਿਰਿਉਂ ਦੁਹਰਾਇਆ, ਤਾਂ ਹੈਕਲ ਅਤੇ ਇਸ ਦੀਆਂ ਸੇਵਾਵਾਂ ਉੱਤੇ ਐਨਾ ਜ਼ੋਰ ਕਿਉਂ ਦਿੱਤਾ ਗਿਆ? ਜਵਾਬ ਫੇਰ ਤੋਂ ਸ਼ਾਇਦ ਯਹੂਦੀਆਂ ਦੀ ਪਛਾਣ ਨਾਲ ਜੁੜਿਆ ਹੈ। ਅਸੀਰੀ ਤੋਂ ਵਾਪਸ ਆਉਣ ਤੋਂ ਬਾਅਦ ਉਹ ਖ਼ੁਦਾ ਦੀ ਖ਼ਾਸ ਪਰਜਾ ਦੇ ਰੂਪ ਵਿਚ ਦੋ ਤਰ੍ਹਾਂ ਨਾਲ ਹੀ ਪਛਾਣੇ ਜਾ ਸਕਦੇ ਸਨ। ਉਹ ਉਸ ‘‘ਪਵਿੱਤਰ ਧਰਤੀ’’ ਉੱਤੇ ਰਹਿਣ ਜਿਸ ਦਾ ਵਾਅਦਾ ਖ਼ੁਦਾ ਨੇ ਉਨ੍ਹਾਂ ਦੇ ਵਡੇਰਿਆਂ ਨਾਲ ਕੀਤਾ ਸੀ, ਅਤੇ ਉਨ੍ਹਾਂ ਦਾ ਧਰਮ ਯਰੂਸ਼ਲਮ ਸ਼ਹਿਰ ਹੈਕਲ ਉੱਤੇ ਕੇਂਦ੍ਰਿਤ ਸੀ। ਜੇ ਹੈਕਲ ਨੂੰ ਭੁਲਾ ਦਿੱਤਾ ਜਾਂਦਾ, ਅਤੇ ਜੇ ਇਸ ਵਿਚਲੀਆਂ ਸੇਵਾਵਾਂ ਨੂੰ **ਤਿਆਗ** ਦਿੱਤਾ ਜਾਂਦਾ ਤਾਂ ਖੁਦਾ ਦੇ ਲੋਕਾਂ ਨੂੰ ਆਪਣੇ ਆਪਣੇ ਆਲੇ ਦੁਆਲੇ ਦੀਆਂ ਕੌਮਾਂ ਨਾਲੋਂ ਸ਼ਾਇਦ ਹੀ ਵੱਖ ਕੀਤਾ ਜਾ ਸਕਦਾ।

ਕੁਝ ਹੁਕਮਾਂ ਉੱਤੇ ਜੋਰ ਦਿੱਤਾ ਗਿਆ ਹੋਵੇਗਾ ਕਿਉਂ ਜੋ ਯਹੂਦੀ ਲੋਕ ਇਹ ਜਾਣਦੇ ਸਨ ਕਿ ਇਹ ਗੱਲਾਂ ਮੰਨੀਆਂ ਨਹੀਂ ਜਾਣੀਆਂ ਸਨ।[23] ਇਸ ਬੇਦਾਰੀ ਨਾਲ ਸ਼ਰ੍ਹਾ ਨੂੰ ਮੰਨਣ ਦੀ ਸਚਮੁਚ ਵਾਪਸੀ ਦਾ ਪਤਾ ਲੱਗਾ।

ਪ੍ਰਾਸੰਗਿਕਤਾ

ਪ੍ਰਭਾਵਸ਼ਾਲੀ ਲੀਡਰਸ਼ਿਪ: ਵਫ਼ਦ (ਅਧਿਆਇ 10)

ਲੀਡਰਾਂ ਨੂੰ ਕਈ ਵਾਰ ਇਵੇਂ ਲਗਦਾ ਹੈ ਕਿ ਜਿਵੇਂ ਹਰ ਕੰਮ ਉਹ ਆਪੇ ਕਰਨ; ਪਰ ਸਚਿਆਈ ਇਹ ਹੈ ਕਿ ਬੇਹਤਰੀਨ ਆਗੂ, ਕੀਤੇ ਜਾਣ ਵਾਲੇ ਕੰਮਾਂ ਵਿੱਚੋਂ ਬਹੁਤਾ ਕੰਮ ਦੂਜਿਆਂ ਦੇ ਸਪੁਰਦ ਕਰ ਦਿੰਦੇ ਹਨ। ਜ਼ਿੰਮੇਵਾਰੀ ਸੌਂਪਣ ਦੀ ਯੋਗਤਾ ਚੰਗੀ ਲੀਡਰਸ਼ਿਪ ਦੀਆਂ ਮੁੱਖ ਵਿਸ਼ੇਸ਼ਤਾਵਾਂ ਵਿੱਚੋਂ ਇਕ ਹੈ।

ਨਹਮਯਾਹ ਨੇ ਇਸ ਗੁਣ ਨੂੰ ਕਈ ਤਰੀਕਿਆਂ ਨਾਲ ਵਿਖਾਇਆ। ਖ਼ਾਸ ਤੌਰ ਤੇ ਉਸ ਨੇ ਯਰੂਸ਼ਲਮ

ਦੀ ਕੰਧ ਦੇ ਵੱਖੋ ਵੱਖ ਹਿੱਸੇ ਬਣਾਉਣ ਲਈ ਵੱਖੋ ਵੱਖ ਲੋਕਾਂ ਅਤੇ ਪਰਿਵਾਰਾਂ ਨੂੰ ਜ਼ਿੰਮੇਵਾਰੀ ਸੌਂਪ ਦਿੱਤੀ (3:1–32), ਅਤੇ ਉਸ ਨੇ ਯਰੂਸ਼ਲਮ ਦੀ ਸੁਰੱਖਿਆ ਦਾ ਜ਼ਿੰਮਾ ਯੋਗ ਬੰਦਿਆਂ ਨੂੰ ਦੇ ਦਿੱਤਾ। ਉਸ ਨੇ ਇਸ ਕੰਮ ਲਈ ਆਪਣੇ ਭਰਾ ਹਨਾਨੀ, ਅਤੇ ''ਸ਼ਾਹੀ ਮਹਿਲ ਦੇ ਸਰਦਾਰ'' ਹਨੱਨਯਾਹ ਨੂੰ ਚੁਣਿਆ ਜਿਹੜਾ ''ਬਹੁਤਿਆਂ ਵਿੱਚੋਂ ਨਿਹਚਾ ਵਾਲਾ ਅਤੇ ਪਰਮੇਸ਼ੁਰ ਤੋਂ ਡਰਨ ਵਾਲਾ ਮਨੁੱਖ ਸੀ'' (7:2)।

ਸ਼ਾਇਦ ਦੂਜਿਆਂ ਨੂੰ ਕੰਮ ਸੌਂਪਣ ਦੀ ਉਸ ਦੀ ਯੋਗਤਾ ਨਹਮਯਾਹ 8–10 ਤੋਂ ਵਧ ਕੇ ਹੋਰ ਕਿਤੇ ਸਪੱਸ਼ਟ ਨਹੀਂ ਹੈ। ਉਨ੍ਹਾਂ ਅਧਿਆਇਆਂ ਵਿਚ ਅਸੀਂ ਵੇਖਦੇ ਹਾਂ ਕਿ ਅਜ਼ਰਾ ਨੇ ਲੋਕਾਂ ਲਈ ਵਿਵਸਥਾ ਨੂੰ ਪੜ੍ਹਿਆ ਅਤੇ ਫਿਰ ਲੇਵੀਆਂ ਇਸ ਨੂੰ ਖੋਲ੍ਹ ਕੇ ਸਮਝਾਇਆ। ਜਵਾਬ ਵਿਚ ਲੋਕਾਂ ਨੇ ਅਫ਼ਸੋਸ ਕੀਤਾ ਅਤੇ ਉਹਦੇ ਬਾਅਦ ਡੇਰਿਆਂ ਦਾ ਪਰਬ ਮਨਾ ਕੇ ਅਨੰਦ ਮਨਾਇਆ। ਦੋ ਦਿਨਾਂ ਬਾਅਦ ਉਹ ਇਕਰਾਰ ਅਤੇ ਦੁਆ ਕਰਨ ਲਈ ਇਕੱਠੇ ਹੋਏ। ਨਤੀਜਾ, ਨਹਮਯਾਹ 10 ਵਿਚ ਦਰਜ ਹੈ ਕਿ ਨੇਮ ਦੇ ਨਵੇਂ ਸਿਰਿਉਂ ਬੰਨ੍ਹਣ ਦਾ ਸਮਾਰੋਹ ਹੋਇਆ। ਯਹੂਦੀ ਬਰਾਦਰੀ ਵਿਚ ਬੇਦਾਰੀ ਆਈ।

ਪਰ ਇਨ੍ਹਾਂ ਤਿੰਨਾਂ ਅਧਿਆਇਆਂ ਵਿਚ ਨਹਮਯਾਹ ਦਾ ਜ਼ਿਕਰ ਸਿਰਫ਼ ਦੋ ਵਾਰੀ ਹੈ। ਅਜ਼ਰਾ ਦੇ ਨਾਲ ਉਸ ਨੇ ਲੋਕਾਂ ਨੂੰ ਅਨੰਦ ਕਰਨ ਲਈ ਆਖਿਆ (8:9); ਅਤੇ ਯਹੂਦਾਹ ਦੇ ਹਾਕਮ ਦੇ ਤੌਰ ਤੇ ਉਸ ਨੇ ਖ਼ੁਦਾ ਦੇ ਹੁਕਮਾਂ ਨੂੰ ਮੰਨਣ ਦੇ ਲਿਖਤੀ ਅਹਿਦ ਉੱਤੇ ਦਸਤਖ਼ਤ ਕੀਤੇ (10:1)। ਚੌਵ੍ਹੀ ਦਿਨਾਂ ਦੇ ਇਸ ਬਾਕੀ ਸਮੇਂ ਦੌਰਾਨ ਨਹਮਯਾਹ ਕਿੱਥੇ ਸੀ? (ਵੇਖੋ 8:2; 9:1.) ਭਲਾ ਉਹਦਾ ਸ਼ਰ੍ਹਾ ਦੇ ਪੜ੍ਹੇ ਜਾਣ ਨਾਲ, ਜਿਸ ਨਾਲ ਇਕ ਵੱਡੀ ਬੇਦਾਰੀ ਸ਼ੁਰੂ ਹੋਈ ਕੋਈ ਸਬੰਧ ਨਹੀਂ ਸੀ?

ਇਨ੍ਹਾਂ ਅਧਿਆਇਆਂ ਵਿਚ ਜੋ ਕੁਝ ਵੀ ਹੋਇਆ ਉਨ੍ਹਾਂ ਸਭਨਾਂ ਵਿਚ ਨਹਮਯਾਹ ਦਾ ਯੋਗਦਾਨ ਹੈ ਸੀ! ਅਜ਼ਰਾ ਨੇ ਸ਼ਰ੍ਹਾ ਨੂੰ ਪੜ੍ਹੇ ਜਾਣ ਵੇਲੇ ਉਹ (ਅਤੇ ਦੂਜੇ ਲੋਕ) ਲੱਕੜ ਦੇ ਤਖ਼ਤਪੋਸ਼ ਉੱਤੇ ਖਲੋਤੇ ਸਨ (8:4)। ਉਨ੍ਹਾਂ ਨੂੰ ਇਹ ਤਖਤਪੋਸ਼ ਕਿੱਥੋਂ ਮਿਲਿਆ? ਹੋ ਸਕਦਾ ਹੈ ਕਿ ਇਸ ਨੂੰ ਨਹਮਯਾਹ ਨੇ ਹੀ ਬਣਾਇਆ ਹੋਵੇ।

ਉਸ ਨੇ ਇਸ ਮੌਕੇ ਦੀ ਤਿਆਰੀ ਕੀਤੀ। ਜਿਸ ਕਰਕੇ ਜੋ ਕੁਝ ਉਦੋਂ ਅਤੇ ਉਸ ਦੇ ਬਾਅਦ ਹੋਇਆ ਉਹ ਸਭ ਨਹਮਯਾਹ ਦੀ ਉਮੀਦ ਅਤੇ ਉਸ ਦੀ ਯੋਜਨਾ ਦੇ ਮੁਤਾਬਕ ਹੀ ਹੋਇਆ। ਉਸ ਨੇ ਸ਼ਰ੍ਹਾ ਦੇ ਪੜ੍ਹੇ ਜਾਣ ਦੀ ਯੋਜਨਾ ਬਣਾਈ ਸੀ ਅਤੇ ਉਸ ਤੋਂ ਬਾਅਦ ਨੇਮ ਨਵੇਂ ਸਿਰਿਉਂ ਬੰਨ੍ਹਿਆ ਗਿਆ।

ਇਨ੍ਹਾਂ ਅਧਿਆਇਆਂ ਵਿਚ ਉਸ ਨੇ ਵਧੇਰੇ ਅਹਿਮ ਭੂਮਿਕਾ ਕਿਉਂ ਅਦਾ ਨਹੀਂ ਕੀਤੀ? *ਕਿਉਂ ਜੋ ਉਸ ਨੇ ਆਪਣੀਆਂ ਯੋਜਨਾਵਾਂ ਨੂੰ ਲਾਗੂ ਕਰਨ ਲਈ ਦੂਜਿਆਂ ਨੂੰ ਜ਼ਿੰਮੇਵਾਰੀ ਦੇ ਦਿੱਤੀ!* ਕਿਉਂ? ਇਸ ਦੇ ਘੱਟੋ–ਘੱਟ ਦੋ ਸੰਭਵ ਜਵਾਬ ਹਨ। (1) ਉਹ ਨੂੰ ਪਤਾ ਸੀ ਕਿ ਬੰਦਗੀ ਵਿਚ ਅਗਵਾਈ ਕਰਨਾ ਅਤੇ ਲੋਕਾਂ ਨੂੰ ਸ਼ਰ੍ਹਾ ਨੂੰ ਸਮਝਾਉਣਾ ਯਾਜਕਾਂ ਅਤੇ ਲੇਵੀਆਂ ਦਾ ਕੰਮ ਹੈ। ਇਹ ਉਹ ਕੰਮ ਸਨ ਜਿਹੜੇ ਉਨ੍ਹਾਂ ਨੂੰ ਉਸ ਵੱਲੋਂ ਨਹੀਂ ਬਲਕਿ ਖ਼ੁਦਾ ਵੱਲੋਂ ਮਿਲੇ ਸਨ। ਉਹਦੇ ਲਈ ਇਸ ਸਿੱਖਿਆ ਅਤੇ ਬੰਦਗੀ ਵਿਚ ਅਗਵਾਈ ਕਰਨਾ ਗਲਤ ਹੋਣਾ ਸੀ, ਕਿਉਂ ਜੋ ਖ਼ੁਦਾ ਵੱਲੋਂ ਉਹ ਜ਼ਿੰਮੇਵਾਰੀ ਦੂਜਿਆਂ ਨੂੰ ਦਿੱਤੀ ਗਈ ਸੀ। (2) ਉਸਨੇ ਹਰ ਵੇਲੇ ਮੋਹਰੇ ਰਹਿਣ ਦੀ ਮੰਗ ਨਹੀਂ ਕੀਤੀ। ਜੇ ਅਸੀਂ ਇਹ ਮੰਨ ਲਈਏ ਕਿ ਉਸ ਕਿਤਾਬ ਲਈ ਜਿਹੜੀ ਉਹਦੇ ਨਾਂਅ ਤੋਂ ਹੈ, ਨਹਮਯਾਹ ਆਪੇ ਜ਼ਿੰਮੇਵਾਰ ਹੈ, ਤਾਂ ਸਾਨੂੰ ਇਸ ਗੱਲ ਤੋਂ ਪ੍ਰਭਾਵਿਤ ਹੋਣਾ ਚਾਹੀਦਾ ਹੈ ਕਿ ਉਸ ਨੇ ਉਸ ਕਿਤਾਬ ਵਿਚ ਨਹਮਯਾਹ 8–10 ਵਿਚ ਰੱਖੇ ਉਸ ਵੱਡੇ ਨੇਮ ਦੇ ਨਵੇਂ ਸਿਰਿਉਂ ਬੰਨ੍ਹਣ ਦਾ ਸਿਹਰਾ ਆਪਣੇ ਆਪ ਨੂੰ ਕਿਤੇ ਨਹੀਂ ਦਿੱਤਾ। ਸਾਫ਼ ਹੈ ਕਿ ਉਹ ਨੂੰ ਸਿਰਫ਼ ਇਸੇ ਗੱਲ ਦੀ ਫ਼ਿਕਰ ਸੀ ਕਿ ਕੀ ਹੋਇਆ ਹੈ ਅਤੇ ਉਹ ਲੋਕਾਂ ਨੂੰ ਉਨ੍ਹਾਂ ਦੀ ਵਚਨਬੱਧਤਾ ਲਈ ਸਿਹਰਾ ਦੇਣ ਲਈ ਤਿਆਰ ਸੀ। ਉਹ ਆਪਣੀ ਵਡਿਆਈ ਨਹੀਂ ਚਾਹ ਰਿਹਾ ਸੀ।

ਬੇਸ਼ੱਕ ਇਕ ਬਾਈਬਲੀ ਨਜ਼ਰੀਏ ਤੋਂ ਜ਼ਿੰਮੇਵਾਰੀ ਦੇਣ ਲਈ ਨਹਮਯਾਹ ਖ਼ੁਦਾ ਦੇ ਲੋਕਾਂ ਦਾ ਨਾ ਤਾਂ ਪਹਿਲਾ, ਅਤੇ ਨਾ ਆਖ਼ਰੀ ਆਗੂ ਸੀ। ਮੂਸਾ ਨੇ ਜੰਗ ਵਿਚ ਇਸਰਾਏਲੀਆਂ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਯਹੋਸ਼ੁਆ ਨੂੰ ਦਿੱਤੀ (ਕੂਚ 17:8–16), ਅਤੇ ਬਾਅਦ ਵਿਚ ਉਸ ਨੇ ਇਸਰਾਏਲ ਦੇ

ਅੰਦਰ ਨਿਆਈਂ ਬਣਨ ਵਾਸਤੇ ਠਹਿਰਾਏ ਗਏ ਆਦਮੀ ਨਾਲ ਨਿਆਂ ਕਰਨ ਦੀਆਂ ਜ਼ਿੰਮੇਵਾਰੀਆਂ ਨੂੰ ਵੰਡਣਾ ਚੁਣਿਆ (ਕੂਚ 18: 13–27)। ਯਿਸੂ ਨੇ ਇਹ ਪ੍ਰਚਾਰ ਕਰਨ ਦੀ ਜ਼ਿੰਮੇਵਾਰੀ ਆਪਣੇ ਰਸੂਲਾਂ ਨੂੰ ਦਿੱਤੀ ਕਿ ਪਰਮੇਸ਼ੁਰ ਦਾ ਰਾਜ ਨੇੜੇ ਆ ਗਿਆ ਹੈ (ਮੱਤੀ 10: 7)। ਰਸੂਲਾਂ ਨੇ ਕਲੀਸੀਆ ਵੱਲੋਂ ਚੁਣੇ ਸੱਤ ਆਦਮੀਆਂ ਨੂੰ ਯਰੂਸ਼ਲਮ ਦੀ ਕਲੀਸੀਆ ਵਿਚ ਗ਼ਰੀਬ ਵਿਧਵਾਵਾਂ ਦੀ ਸੇਵਾ ਦੇ ਕੰਮ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਦਿੱਤੀ (ਕਰਤੱਬ 6: 1–6)।

ਇਸੇ ਤਰ੍ਹਾਂ ਨਾਲ ਅੱਜ ਕਲੀਸੀਆ ਦੇ ਆਗੂਆਂ ਨੂੰ (ਭਾਂਵੇਂ ਉਨ੍ਹਾਂ ਨੂੰ ਲੋੜ ਪੈਣ ਤੇ ਕਿਸੇ ਵੀ ਕੰਮ ਨੂੰ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ) ਸੌਂਪਣ ਦੀ ਇਹ ਕਲਾ ਸਿੱਖਣ ਦੀ ਲੋੜ ਹੈ ਜੇ ਉਹ ਚਾਹੁੰਦੇ ਹਨ ਕਿ ਕਲੀਸੀਆ ਅੱਗੇ ਵਧੇ। ਜ਼ਿੰਮੇਵਾਰੀ ਅੱਗੇ ਦੇਣ ਵਿਚ ਕਿਹੜੇ ''ਨਿਯਮ'' ਮੰਨੇ ਜਾਣੇ ਚਾਹੀਦੇ ਹਨ? ਕਿਸੇ ਆਗੂ ਦੇ ਸਬੰਧ ਵਿਚ ਅਤੇ ਵਿਅਕਤੀ ਦੇ ਸਬੰਧ ਵਿਚ ਜਿਸ ਨੂੰ ਇਹ ਜ਼ਿੰਮੇਵਾਰੀ ਦਿੱਤੀ ਜਾ ਸਕਦੀ ਹੈ, ਛੇ ਨਿਯਮ ਧਿਆਨ ਦੇਣ ਯੋਗ ਹਨ:

ਅਨੁਰੂਪਤਾ। ਆਗੂ ਲਈ ਹਰ ਵਿਅਕਤੀ ਨੂੰ ਕੰਮ ਨਾਲ ਮਿਲਾਉਣ ਵਿਚ ਚੌਕਸ ਹੋਣਾ ਜ਼ਰੂਰੀ ਹੈ। ਇਸੇ ਲਈ ਉਸ ਨੂੰ ਅਜਿਹਾ ਕੰਮ ਦਿੱਤੇ ਜਾਣ ਨਾਲੋਂ ਵੱਧ ਨਿਰਾਸ਼ਾਜਨਕ ਹੋਰ ਕੋਈ ਗੱਲ ਨਹੀਂ ਹੈ ਜਿਸ ਨੂੰ ਸੰਭਾਲਣ ਲਈ ਉਹ ਤਿਆਰ ਨਾ ਹੋਵੇ, ਅਤੇ ਕਿਸੇ ਸੰਗਠਨ ਲਈ ਇਸ ਨਾਲੋਂ ਵੱਡੀ ਨੁਕਸਾਨ ਵਾਲੀ ਗੱਲ ਕੋਈ ਨਹੀਂ ਕਿ ਇਹਦਾ ਕੰਮ ਅਯੋਗ ਲੋਕਾਂ ਵੱਲੋਂ ਕੀਤਾ ਜਾਵੇ।

ਜ਼ਿੰਮੇਵਾਰੀ। ਲੀਡਰ ਨੂੰ ਚਾਹੀਦਾ ਹੈ ਕਿ ਕਿਸੇ ਕੰਮ ਨੂੰ ਕਰਨ ਲਈ ਚੁਣੇ ਗਏ ਵਿਅਕਤੀ ਨੂੰ ਖੋਲ੍ਹ ਕੇ ਸਮਝਾ ਦਵੇ ਕਿ ਉਸ ਦੀ ਕੀ–ਕੀ ਜ਼ਿੰਮੇਵਾਰੀ ਹੈ।

ਇਖ਼ਤਿਆਰ। ਲੀਡਰ ਲਈ ਜ਼ਰੂਰੀ ਹੈ ਕਿ ਜਿਸ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ ਉਸ ਨੂੰ ਉਸ ਕੰਮ ਨੂੰ ਪੂਰਾ ਕਰਨ ਲਈ ਇਖ਼ਤਿਆਰ ਵੀ ਦਵੇ।

ਅਜ਼ਾਦੀ। ਲੀਡਰ ਨੂੰ ਚਾਹੀਦਾ ਹੈ ਕਿ ਕਿਸੇ ਵਿਅਕਤੀ ਨੂੰ ਆਪਣਾ ਕੰਮ ਕਰਨ ਦੀ ਵੱਧ ਤੋਂ ਵੱਧ ਅਜ਼ਾਦੀ ਦਵੇ। ਕੋਈ ਵੀ ਕੰਮ ਕਰਨ ਵਾਲਾ ਅਜਿਹਾ ਕੰਮ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੁੰਦਾ ਜਿਸ ਵਿਚ ਉਸ ਦੇ ਮੋਢੇ ਤੇ ਕੋਈ ਸਵਾਰ ਰਹੇ ਅਤੇ ਹਰ ਵੇਲੇ ਉਸ ਦੇ ਕੰਮ ਵਿਚ ਮੀਨ–ਮੇਖ ਕੱਢਦਾ ਰਹੇ।

ਜਵਾਬਦੇਹੀ। ਲੀਡਰ ਨੂੰ ਚਾਹੀਦਾ ਹੈ ਕਿ ਜਿਸ ਨੂੰ ਕੰਮ ਕਰਨ ਲਈ ਦਿੱਤਾ ਗਿਆ ਹੈ ਉਸ ਨੂੰ ਜਵਾਬਦੇਹ ਠਹਿਰਾਵੇ। ਜ਼ਿੰਮੇਵਾਰੀ, ਇਖ਼ਤਿਆਰ ਅਤੇ ਅਜ਼ਾਦੀ ਦਾ ਜਵਾਬਦੇਹੀ ਨਾਲ ਸੰਤੁਲਨ ਹੋਣਾ ਚਾਹੀਦਾ ਹੈ। ਕੰਮ ਕਰਨ ਵਾਲੇ ਨੂੰ ਜਵਾਬਦੇਹ ਬਣਾਉਣ ਦੀ ਲੋੜ ਦਾ ਮਤਲਬ ਇਹ ਹੈ ਕਿ ਲੀਡਰ ਲਈ ਇਹ ਜਾਣਨ ਦਾ ਕੋਈ ਤਰੀਕਾ ਬਣਾਉਣਾ ਜ਼ਰੂਰੀ ਹੈ ਕਿ ਕੰਮ ਕਰਨ ਵਾਲਾ ਉਸ ਕੰਮ ਵਿਚ ਜਿਹੜਾ ਉਸ ਨੂੰ ਸੌਂਪਿਆ ਗਿਆ ਸੀ, ਕਰਨ ਵਿਚ ਕਿੱਥੋਂ ਤਕ ਕਾਮਯਾਬ ਹੋਇਆ।

ਢੁਕਵੇਂ ਇਨਾਮ। ਕੰਮ ਕਰਨ ਵਾਲੇ ਨੂੰ ਆਪਣੀ ਸਫ਼ਲਤਾ ਦੇ ਨਾਲ ਉਹਦੇ ਨਾਲ ਮੇਲ ਖਾਂਦਾ ਇਨਾਮ ਮਿਲਣਾ ਚਾਹੀਦਾ ਹੈ। ਮੱਤੀ 25: 14–30 ਵਿਚ ਯਿਸੂ ਨੇ ਨੌਕਰਾਂ ਦਾ ਇਕ ਦ੍ਰਿਸ਼ਟਾਂਤ ਦਿੱਤਾ ਜਿਨ੍ਹਾਂ ਨੂੰ ਉਨ੍ਹਾਂ ਦੇ ਕੰਮ ਲਈ ਇਨਾਮ ਦਿੱਤਾ ਗਿਆ (ਜਾਂ ਜਵਾਬਦੇਹ ਠਹਿਰਾਇਆ ਗਿਆ)।

ਸਾਰ। ਲੀਡਰ ਲਈ ਚੰਗਾ ਅਧਿਕਾਰ ਅੱਗੇ ਦੇਣ ਵਾਲਾ ਬਣਨ ਲਈ ਕੀ ਕਰਨਾ ਜ਼ਰੂਰੀ ਹੈ? ਅਧਿਕਾਰ ਅੱਗੇ ਦੇਣ ਲਈ ਕਾਫ਼ੀ ਸਮਝ ਅਤੇ ਹੁਨਰ ਦੀ ਲੋੜ ਹੈ। ਉਨ੍ਹਾਂ ਦੇ ਉਪਰਾਲਿਆਂ ਵਿਚ ਅਗਵਾਈ ਕਰਨ ਦਾ ਹੁਨਰ ਸਹੀ ਬੰਦਿਆਂ ਨੂੰ ਜ਼ਿੰਮੇਵਾਰੀ ਸੌਂਪਣ ਸੀ। ਇਸ ਦੇ ਵਿਚ ਬੜੀ ਹਲੀਮੀ ਦੀ ਵੀ ਲੋੜ ਹੈ। ਜ਼ਿੰਮੇਵਾਰੀ ਅੱਗੇ ਸੌਂਪਣਾ ਚੁਣਨ ਵਾਲੇ ਲੀਡਰ ਨੂੰ ਗੱਲਾਂ ਸੁਣਨੀਆਂ ਹੀ ਪੈਂਦੀਆਂ ਹਨ। ਜੇ ਉਸ ਵੱਲੋਂ ਨਿਯੁਕਤ ਕੀਤਾ ਬੰਦਾ ਸਫ਼ਲ ਹੋ ਜਾਵੇ ਤਾਂ ਉਸ ਵਿਅਕਤੀ ਦੀ ਤਾਰੀਫ਼ ਅਤੇ ਵਡਿਆਈ ਹੋਵੇਗੀ, ਜਦਕਿ ਲੀਡਰ ਨੂੰ ਪੜਦੇ ਦੇ ਪਿੱਛੇ ਭੁਲਾ ਦਿੱਤਾ ਜਾ ਸਕਦਾ ਹੈ। ਫਿਰ ਉਹਦੇ ਕੋਲ ਇਕ ਚੋਣ ਹੁੰਦੀ ਹੈ ਕਿ ਉਹ ਸ਼ਾਊਲ ਰਾਜੇ ਵਾਂਗ ਆਪਣੇ ਤੋਂ ਅਗਲੇ ਬੰਦੇ ਤੋਂ ਜਲਨ ਰੱਖੇ ਅਤੇ ਉਸ ਤੋਂ ਖਹਿੜਾ ਛੁਡਾਉਣ ਦੀ ਕੋਸ਼ਿਸ਼ ਕਰੇ (ਵੇਖੋ 1 ਸਮੂਏਲ 18: 1–11); ਜਾਂ ਉਹ ਨਹਮਯਾਹ

ਦੇ ਵਾਂਗ ਖੁਸ਼ੀ–ਖੁਸ਼ੀ ਹੋਣ ਵਾਲੀ ਭਲਿਆਈ ਦੇ ਕਾਰਣ ਪਿੱਛੇ ਬੈਠ ਕੇ ਖ਼ੁਦਾ ਦੀ ਵਡਿਆਈ ਕਰੇ?

ਇਕ ਚੰਗਾ ਅਧਿਕਾਰ ਸੌਂਪਣ ਵਾਲਾ ਬਣਨ ਲਈ ਖੁਸ਼ਾਮਦ–ਪੰਸਦ ਨਹੀਂ ਹੋਣਾ ਚਾਹੀਦਾ! ਕਿਸੇ ਨੇ ਕਿਹਾ ਹੈ, ''ਜੇ ਕੋਈ ਇਹ ਧਿਆਨ ਰੱਖੇ ਕਿ ਕਿਸ ਨੂੰ ਸਿਹਰਾ ਮਿਲਦਾ ਹੈ ਤਾਂ ਪਤਾ ਨਹੀਂ ਭਲਿਆਈ ਹੋ ਵੀ ਸਕਦੀ ਹੈ ਜਾਂ ਨਹੀਂ।'' ਅਜਿਹਾ ਰਵੱਈਆ ਇਕ ਮਸੀਹੀ ਆਗੂ ਦੀ ਪਛਾਣ ਹੋਣੀ ਚਾਹੀਦੀ ਹੈ। ਨਹਮਯਾਹ ਵਾਂਗ ਉਸ ਦੀ ਇੱਛਾ ਮਨੁੱਖਾਂ ਵੱਲੋਂ ਨਹੀਂ ਬਲਕਿ ਖ਼ੁਦਾ ਵੱਲੋਂ ਯਾਦ ਕੀਤੇ ਜਾਣ ਦੀ ਹੋਵੇ (13:14), ਉਹ ਸਿਰਫ਼ ਇਕ ਗੱਲ ਦਾ ਧਿਆਨ ਰੱਖਦਾ ਹੈ ਕਿ ਉਹਦੇ ਵੱਲੋਂ ਹੋਵੇ ਜਾਂ ਕਿਸੇ ਹੋਰ ਵੱਲੋਂ (ਭਾਵੇਂ ਉਹਦੇ ਕਿਸੇ ਦੁਸ਼ਮਣ ਵੱਲੋਂ; ਫ਼ਿਲਿੱਪੀਆਂ 1:12–18 ਵਿਚ ਪੌਲੁਸ ਦਾ ਵਿਹਾਰ ਵੇਖੋ) ਪਰਮੇਸ਼ੁਰ ਦੇ ਰਾਜ ਦੀ ਬੇਹਤਰੀ ਹੋਣੀ ਚਾਹੀਦੀ ਹੈ। ਜੇ ਕਦੇ ਉਹਦੇ ਨਾਂਅ ਦਾ ਜ਼ਿਕਰ ਨਾ ਵੀ ਹੋਵੇ ਤਾਂ ਵੀ ਉਸ ਦੀ ਪ੍ਰਤੀਕਿਰਿਆ ਖ਼ੁਦਾ ਦੀ ਵਡਿਆਈ ਕਰਨਾ ਹੀ ਹੋਵੇਗੀ! ਜੇ ਉਹਦਾ ਰਵੱਈਆ ਇਸ ਤਰ੍ਹਾਂ ਦਾ ਹੋਵੇ ਪਰ ਮਸੀਹੀ ਆਗੂ ਪ੍ਰਭਾਵਸ਼ਾਲੀ ਢੰਗ ਨਾਲ ਦੂਜਿਆਂ ਨੂੰ ਜ਼ਿੰਮੇਵਾਰੀ ਸੌਂਪ ਸਕਦਾ ਹੈ ਅਤੇ ਸੌਂਪੇਗਾ।

ਟਿੱਪਣੀਆਂ

[1]ਜੋਜ਼ਫ਼ ਬਲੈਂਕਿਨਸੌਪ, *ਅਜ਼ਰਾ–ਨਹਮਯਾਹ,* ਦ ਓਲਡ ਟੈਸਟਾਮੈਂਟ ਲਾਇਬ੍ਰੇਰੀ (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1988), 310–311. [2]ਇਬਰਾਨੀ ਬਾਈਬਲ ਵਿਚ ਇਸ ਆਇਤ ਨੂੰ 10:1 ਦੇ ਰੂਪ ਵਿਚ ਗਿਣਿਆ ਗਿਆ ਹੈ (ਵੇਖੋ NAB; NJB; NJPSV)। [3]ਐੱਚ. ਜੀ. ਐੱਮ. ਵਿਲੀਅਮਸਨ, *ਅਜ਼ਰਾ, ਨਹਮਯਾਹ,* ਵਰਡ ਬਿਬਲੀਕਲ ਕਮੈਂਟਰੀ, ਅੰਕ 16 (ਵਾਕੋ, ਟੈਕਸਸ: ਵਰਡ ਬੁਕਸ, 1985), 332. ਇਬਰਾਨ ਲਿਖਤ ਦੀ ਅਸਪੱਸ਼ਟਤਾ ਦੇ ਕਾਰਣ ਕਈ ਅਨੁਵਾਦ ਹੋਏ ਹਨ: ''ਦਸਤਾਵੇਜ਼ ਉੱਤੇ ਆਪਣੀ ਮੋਹਰ ਲਾਉਣ ਵਾਲੇ'' (NKJV); ''ਮੋਹਰ ਲੱਗੇ ਦਸਤਾਵੇਜ਼ ਉੱਤੇ ਨਾਂਅ ਹਨ'' (NRSV); ''ਮੋਹਰ ਦੀ ਗਵਾਹੀ ਦੇਣ ਵਾਲੇ'' (REB); ''ਮੋਹਰਾਂ ਉੱਤੇ ਨਾਂਅ ਹਨ'' (ESV); ''ਦਸਤਾਵੇਜ਼ ਹੇਠ ਲਿਖਿਆਂ ਨਾਂਵਾਂ ਨਾਲ ਤਸਦੀਕ ਅਤੇ ਮੋਹਰਬੰਦ ਕੀਤਾ ਗਿਆ'' (NLT)। [4]ਕੀਥ ਐੱਨ. ਸ਼ੋਵਿੱਲ ਨੇ ਲਿਖਿਆ ਕਿ ''ਦ NIV ਯਾਜਕਾਂ ਦੀ ਅਗਲੀ ਸੂਚੀ ਨਾਲ *ਸਿਦਕਿਯਾਹ* ਨੂੰ ਜੋੜ ਦਿੰਦਾ ਹੈ, ਪਰ 'ਅਤੇ' ਇਬਰਾਨੀ ਲਿਖਤ ਵਿਚ ਨਹਮਯਾਹ ਦੇ ਨਾਂਅ ਨਾਲ ਜੋੜਦਾ ਹੈ'' (ਕੀਥ ਐੱਨ. ਸ਼ੋਵਿੱਲ, *ਅਜ਼ਰਾ–ਨਹਮਯਾਹ,* ਦ ਕਾਲਜ ਪ੍ਰੈੱਸ NIV ਕਮੈਂਟਰੀ [ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001], 234)। [5]ਡੇਰੇਕ ਕਿਡਨਰ ਨੇ ਕਿਹਾ, ''ਇੱਥੇ ਯਾਜਕਾਂ ਦੇ ਇੱਕੀ ਨਾਂਅ ਹਨ ਜਿਨ੍ਹਾਂ ਵਿੱਚੋਂ ਘੱਟੋ–ਘੱਟ ਪੰਦਰਾਂ ਪਰਿਵਾਰਾਂ ਦੇ ਨਾਂਅ ਹਨ (ਡੇਰੇਕ ਕਿਡਨਰ, *ਅਜ਼ਰਾ ਐਂਡ ਨਹਮਯਾਹ,* ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼'' [ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1979], 114)। [6]ਐੱਫ਼. ਚਾਰਲੇਸ ਫੈਨਸ਼ਮ, *ਦ ਬੁਕਸ ਆਫ਼ ਅਜ਼ਰਾ ਐਂਡ ਨਹਮਯਾਹ,* ਦ ਨਿਊ ਇੰਟਰਨੈਸ਼ਨਲ ਕਮੈਂਟਰੀ ਓਨ ਦ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1982), 236. [7]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ,* ਜਿਲਦ 4, *1 ਰਾਜਿਆਂ–ਅੱਯੂਬ,* ਸੰਪਾ. ਫ਼੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 739 ਵਿਚ ਐਡਵਿਨ ਐੱਮ. ਯਾਮੋਚੀ, ''ਅਜ਼ਰਾ– ਨਹਮਯਾਹ।'' [8]*ਦ ਨਿਊ ਬਾਈਬਲ ਕਮੈਂਟਰੀ: ਰਿਵਾਈਜ਼ਡ,* ਸੰਪਾ. ਡੀ. ਗੁਥਰੀ ਐਂਡ ਜੇ. ਏ. ਮੋਟਾਇਰ (ਗ੍ਰੈਂਡ ਰੈਪਿਡਸ, ਮਿਸ਼ਿਗਨ ਵਿਲੀਅਮ: ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1970), 409 ਵਿਚ ਏ. ਈ. ਕੁੰਡਲ, ''ਨਹਮਯਾਹ।'' [9]ਜੇਕਬ ਐੱਮ. ਮਾਇਰਸ, *ਅਜ਼ਰਾ, ਨਹਮਯਾਹ,* ਦ ਐਂਕਰ ਬਾਈਬਲ, ਅੰਕ 14 (ਗਾਰਡਨ ਸਿਟੀ, ਨਿਊ ਯਾਰਕ: ਡਬਲਡੇਅ ਐਂਡ ਕੰ., 1965), 177. [10]ਜੋਹੰਨਾ ਡਬਲਯੂ. ਐੱਚ. ਵਾਨ ਵੀਜ਼ਕ–ਬਾਸ, *ਅਜ਼ਰਾ, ਨਹਮਯਾਹ, ਐਂਡ ਅਸਤਰ,* ਵੈਸਟਮਿੰਸਟਰ ਬਾਈਬਲ ਕੰਪਨੀ (ਲੂਈਸਵਿੱਲ: ਵੈਸਟਮਿੰਸਟਰ ਜੌਨ ਕੌਕਸ ਪ੍ਰੈੱਸ, 1998), 83.

[11]ਲੈਸਟਰ ਐੱਲ. ਗਰੈਬ, *ਅਜ਼ਰਾ–ਨਹਮਯਾਹ*, ਓਲਡ ਟੈਸਟਾਮੈਂਟ ਰੀਡਿੰਗਜ਼ (ਨਿਊ ਯਾਰਕ: ਰੂਟਲੇਜ, 1998), 57–58. [12]ਮੂਲ ਵਿਚ, ਉਹ ''ਖ਼ੁਦਾ ਦੀ ਸ਼ਰ੍ਹਾ ਵਿਚ ਚੱਲਣ ਦੇ ਸਰਾਪ ਅਤੇ ਸਹੁੰ *ਵਿਚ* ਦਾਖਲ ਹੋਏ।'' [13]ਇਬਰਾਨੀ ਲਿਖਤ ਵਿਚ ''ਪਰਮੇਸ਼ੁਰ ਸ਼ਬਦ ਨਿੱਜੀ ਨਾਂਅ ਯਹਵਹ (ਜਾਂ ਯਾਹਵੇਹ) ਹੈ ਜਿਸ ਦਾ ਅਨੁਵਾਦ ਆਮ ਤੌਰ ਤੇ ''ਯਹੋਵਾਹ'' (ਜਾਂ LORD) ਕੀਤਾ ਜਾਂਦਾ ਹੈ।'' ''LORD'' (*'Adon*, *ਆਦੋਨ*), ਨਾਲ ਜੁੜਨ ਤੇ NASB ਅੰਗ੍ਰੇਜ਼ੀ ਵਿਚ ਦੁਹਰਾਅ LORD ਤੋਂ ''God'' ਬਚਣ ਲਈ ਬਦਲਵਾਂ ਅਨੁਵਾਦ ਦਿੰਦਾ ਹੈ। [14]ਡੀ. ਜੇ. ਏ. ਕਲਾਈਨਜ਼, *ਅਜ਼ਰਾ, ਨਹਮਯਾਹ, ਅਸਤਰ*, ਦ ਨਿਊ ਸੈਂਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1984), 200. [15]ਕਿਡਨਰ, 115. [16]ਜੇਮਸ ਬਰਟਨ ਕੌਫ਼ਮੈਨ ਐਂਡ ਥੇਲਮਾ ਬੀ. ਕੌਫ਼ਮੈਨ, *ਕਮੈਂਟਰੀ ਆਨ ਅਜ਼ਰਾ, ਨਹਮਯਾਹ ਐਂਡ ਅਸਤਰ* (ਅਬਿਲੇਨ, ਟੈਕਸਸ: ਏਸੀਯੂ ਪ੍ਰੈੱਸ, 1993), 205–6. [17]ਹੋਰ ਸੰਸਕਰਣਾਂ ਵਿਚ ਵੇਖੋ ਯਾਮੋਚੀ, 742. [18]''ਗੁਣੇ'' ਪਾਉਣਾ ਹਾਲ ਕੱਢਣ ਵਰਗਾ ਹੀ ਸੀ। ਯਹੂਦੀ ਲੋਕ ਖ਼ੁਦਾ ਦੀ ਇੱਛਿਆ ਨਿਰਧਾਰਿਤ ਕਰਨ ਲਈ ਇਸੇ ਤਰੀਕੇ ਦੀ ਵਰਤੋਂ ਕਰਦੇ ਸਨ। [19]ਸ਼ੋਵਿੱਲ, 238; ਵੇਖੋ ਜੋਸੇਫ਼ਸ *ਵਾਰਜ਼* 2.17.6; ਮਿਸ਼ਨਾ *ਟਾਨੀਥ* 4.5. [20]''ਪਹਿਲੌਠੇ'' ਸਣੇ ''ਪਹਿਲੇ ਫਲਾਂ'' ਨਾਲ ਸਬੰਧਿਤ ਨਿਯਮਾਂ ਲਈ, ਵੇਖੋ ਕੂਚ 13:2, 12–15; 22:29, 30; 23:19; 34:20, 26; ਲੇਵੀਆਂ 27:26, 27; ਗਿਣਤੀ 18:15–17; 28:26; ਬਿਵਸਥਾ ਸਾਰ 15:19; 26:1–4.

[21]ਕਲਾਈਨਜ਼, 209. [22]ਸ਼ੋਵਿੱਲ, 238. [23]ਐੱਚ. ਜੀ. ਐੱਮ. ਵਿਲੀਅਮਸਨ ਨੇ ਦਾਅਵਾ ਕੀਤਾ ਕਿ ਇਨ੍ਹਾਂ ਖ਼ਾਸ ਇਕਰਾਰ–ਨਾਮਿਆਂ ਵਿਚ ''ਕੁਝ ਗੱਲਾਂ ਹਨ ਜਿਨ੍ਹਾਂ ਵਿਚ ਸਮਾਜ ਨੂੰ ਖ਼ਾਸ ਤੌਰ ਤੇ ਇਸ ਗੱਲ ਦਾ ਧਿਆਨ ਹੈ ਕਿ ਕਿੱਥੇ ਕਮੀ ਰਹੇਗੀ, ਚਾਹੇ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਨ ਨਾਲ ਹੋਵੇ ਜਾਂ ਸ਼ਰ੍ਹਾ ਦੀਆਂ ਸ਼ਰਤਾਂ ਦੇ ਪੂਰੇ ਮਹੱਤਵ ਨੂੰ ਸਮਝਣ ਵਿਚ ਨਾਕਾਮੀ ਨਾਲ ਹੋਵੇ'' (ਵਿਲੀਅਮਸਨ, 333)।